ਮੰਗਲਵਾਰ, 8 ਅਗਸਤ, 2023
24 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 68

# ਨਵਾਂ ਜ਼ਮਾਨਾ

DAILY NAWAN ZAMANA • TUESDAY, 8 AUGUST, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

# ਦਿੱਲੀ ਬਿੱਲ ਸਿਆਸੀ ਧੋਖਾਧੜੀ ਤੇ ਸੰਵਿਧਾਨਕ ਪਾਪ : ਚੱਢਾ



**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਦਿੱਲੀ ਸੇਵਾਵਾਂ ਬਿੱਲ ਰਾਜ ਸਭਾ 'ਚ ਪੇਸ਼ ਕੀਤਾ। ਦਿੱਲੀ 'ਚ ਸੇਵਾਵਾਂ 'ਤੇ ਨਿਯੰਤਰਣ ਲਈ ਆਰਡੀਨੈਂਸ ਦੀ ਥਾਂ ਲੈਣ ਲਈ ਇਹ ਬਿੱਲ ਲਿਆਂਦਾ ਗਿਆ ਹੈ। ਇਸ ਬਿੱਲ ਨੂੰ ਲੋਕ ਸਭਾ ਨੇ ਪਿਛਲੇ ਹਫਤੇ ਪਾਸ ਕਰ ਦਿੱਤਾ ਸੀ।

'ਆਪ' ਸਾਂਸਦ ਰਾਘਵ ਚੱਢਾ ਨੇ ਬਿੱਲ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਨੂੰ ਸਿਆਸੀ ਧੋਖਾਧੜੀ, ਸੰਵਿਧਾਨਕ ਪਾਪ ਅਤੇ ਪ੍ਰਸ਼ਾਸਕੀ ਗੜਬੜ ਕਰਾਰ ਦਿੱਤਾ। ਆਪਣੇ ਸੰਬੋਧਨ ਦੌਰਾਨ ਚੱਢਾ ਨੇ ਬਿੱਲ ਨੂੰ ਸਦਨ ਵਿੱਚ ਪੇਸ਼ ਕੀਤਾ ਗਿਆ ਸਭ ਤੋਂ ਗੈਰ-ਜਮਹੂਰੀ, ਗੈਰ-ਸੰਵਿਧਾਨਕ ਅਤੇ ਗੈਰ-ਕਾਨੂੰਨੀ ਕਾਨੂੰਨ ਦੱਸਿਆ। ਸੁਪਰੀਮ ਕੋਰਟ ਦੇ ਇੱਕ ਤਾਜ਼ਾ ਫੈਸਲੇ ਦਾ ਹਵਾਲਾ ਦਿੰਦੇ ਹੋਏ ਚੱਢਾ ਨੇ ਜ਼ੋਰ ਦੇ ਕੇ ਕਿਹਾ ਕਿ 11 ਮਈ ਨੂੰ ਸੁਪਰੀਮ ਕੋਰਟ ਦੇ ਇੱਕ ਸੰਵਿਧਾਨਕ ਬੈਂਚ ਨੇ ਸਰਬਸੰਮਤੀ ਨਾਲ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਦਿੱਲੀ ਦੀ ਐੱਨ ਸੀ ਟੀ ਸਰਕਾਰ ਵਿੱਚ ਸਿਵਲ ਕਰਮਚਾਰੀ ਮੁੱਖ ਮੰਤਰੀ ਦੀ ਅਗਵਾਈ ਵਿੱਚ ਚੁਣੀ ਗਈ ਮੰਤਰੀ ਮੰਡਲ ਪ੍ਰਤੀ ਜਵਾਬਦੇਹ ਹਨ। ਇਹ ਜਵਾਬਦੇਹੀ ਉਸ ਨੇ ਉਜਾਗਰ ਕੀਤੀ, ਇੱਕ ਲੋਕਤੰਤਰੀ ਅਤੇ ਜਵਾਬਦੇਹ ਸਰਕਾਰ ਦੇ ਰੂਪ ਲਈ ਜ਼ਰੂਰੀ ਸੀ।

ਇਸ ਸਿਧਾਂਤ ਦੇ ਉਲਟ ਚੱਢਾ ਨੇ ਦਲੀਲ ਦਿੱਤੀ ਕਿ ਨਵਾਂ ਪੇਸ਼ ਕੀਤਾ ਆਰਡੀਨੈਂਸ ਦਿੱਲੀ ਦੀ ਚੁਣੀ ਹੋਈ ਸਰਕਾਰ ਤੋਂ ਅਣ-ਚੁਣਿਆ ਨੂੰ ਕੰਟਰੋਲ ਤਬਦੀਲ ਕਰਕੇ ਜਵਾਬਦੇਹੀ ਢਾਂਚੇ ਨੂੰ ਕਮਜ਼ੋਰ ਕਰਦਾ ਹੈ। ਚੱਢਾ ਨੇ ਇਲਜ਼ਾਮ ਲਗਾਇਆ ਕਿ ਦਿੱਲੀ ਸਰਕਾਰ ਨੂੰ ਇਸ ਦੇ ਚੁਣੇ ਹੋਏ ਪਹਿਲੂਆਂ ਨੂੰ ਘਟਾਉਣ ਦਾ ਉਦੇਸ਼ ਹੈ, ਲੋਕਾਂ ਦਾ ਫਤਵਾ ਹੈ, ਪਰ ਉਸ ਫਤਵੇ ਨੂੰ ਪੂਰਾ ਕਰਨ ਲਈ ਜ਼ਰੂਰੀ ਸ਼ਾਸਨ ਪ੍ਰਣਾਲੀ ਦੀ ਘਾਟ ਹੈ। ਸੰਵਿਧਾਨਕ ਉਲਝਣਾਂ ਬਾਰੇ ਆਪਣੀ ਚਰਚਾ ਵਿੱਚ ਚੱਢਾ ਨੇ ਪੰਜ ਮੁੱਖ ਨੁਕਤੇ ਦੱਸੇ, ਜੋ ਬਿੱਲ ਨੂੰ ਗੈਰ-ਸੰਵਿਧਾਨਕ ਬਣਾਉਂਦੇ ਹਨ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਬਿੱਲ ਆਰਡੀਨੈਂਸ ਬਣਾਉਣ ਦੀਆਂ ਸ਼ਕਤੀਆਂ ਦੀ ਦੁਰਵਰਤੋਂ, ਸੁਪਰੀਮ ਕੋਰਟ ਦੇ ਅਧਿਕਾਰਾਂ ਨੂੰ ਸਿੱਧੀ ਚੁਣੌਤੀ, ਸੰਘਵਾਦ ਦੇ ਖਾਤਮੇ ਅਤੇ ਜਵਾਬਦੇਹੀ ਦੀ ਤੀਹਰੀ ਲੜੀ ਨੂੰ ਖਤਮ ਕਰਨ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਉਨ੍ਹਾ ਦਲੀਲ ਦਿੱਤੀ ਕਿ ਇਹ ਬਿੱਲ ਇੱਕ ਚੁਣੀ ਹੋਈ ਸਰਕਾਰ ਤੋਂ ਆਪਣਾ ਅਧਿਕਾਰ ਖੋਹ ਲੈਂਦਾ ਹੈ ਤੇ ਨੌਕਰਸਾਹਾਂ ਦੇ ਹੱਥਾਂ ਵਿੱਚ ਦਿੰਦਾ ਹੈ। ਉਨ੍ਹਾ ਦਲੀਲ ਦਿੱਤੀ ਕਿ ਬਿੱਲ ਚੁਣੇ ਹੋਏ ਅਧਿਕਾਰੀਆਂ ਉੱਤੇ ਅਣਚੁਣੇ ਅਧਿਕਾਰੀਆਂ ਦੇ ਦਬਦਬੇ ਦਾ ਪ੍ਰਤੀਕ ਹੈ।

ਭਾਜਪਾ ਦੀ ਸਮਝੀ ਗਈ ਅਸੰਗਤਤਾ ਵੱਲ ਧਿਆਨ ਦਿਵਾਉਂਦੇ ਹੋਏ ਚੱਢਾ ਨੇ ਪਾਰਟੀ 'ਤੇ 'ਨਹਿਰੂਵਾਦੀ' ਰੁਖ ਅਪਣਾਉਣ ਦਾ ਦੋਸ਼ ਲਗਾਇਆ, ਜਦੋਂ ਇਹ ਉਨ੍ਹਾ ਦੇ ਏਜੰਡੇ ਦੇ ਅਨੁਕੂਲ ਹੈ। ਉਨ੍ਹਾ ਭਾਜਪਾ ਨੂੰ ਦਿੱਲੀ ਰਾਜ ਦੇ ਦਰਜੇ ਲਈ ਬਜ਼ੁਰਗ ਨੇਤਾਵਾਂ ਦੇ ਇਤਿਹਾਸਕ ਸੰਘਰਸ਼ ਦਾ ਹਵਾਲਾ ਦਿੰਦੇ ਹੋਏ 'ਵਾਜਪਾਈਵਾਦੀ' ਜਾਂ 'ਅਡਵਾਨੀਵਾਦੀ' ਪਹੁੰਚ ਅਪਣਾਉਣ ਦੀ ਅਪੀਲ ਕੀਤੀ।

ਚੱਢਾ ਨੇ ਭਾਜਪਾ ਦੇ ਰਾਜਨੀਤਕ ਪ੍ਰੋਫਾਈਲ ਨੂੰ ਉੱਚਾ ਚੁੱਕਣ ਲਈ ਰਾਜ ਦਾ ਦਰਜਾ ਦੇਣ ਦੀ ਮੰਗ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ ਅਤੇ ਇਸ ਦਾ ਪਿੱਛਾ ਕਰਨ ਵਿੱਚ ਦਿੱਗਜ਼ ਨੇਤਾਵਾਂ ਦੇ ਯਤਨਾਂ ਨੂੰ ਸਵੀਕਾਰ ਕੀਤਾ। ਉਨ੍ਹਾ ਖੁਲਾਸਾ ਕੀਤਾ ਕਿ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ 2003 ਵਿੱਚ ਦਿੱਲੀ ਸਟੇਟ ਬਿੱਲ ਵੀ ਪੇਸ਼ ਕੀਤਾ ਸੀ। ਬਿੱਲ ਦੀਆਂ ਮੈਨੀਫੈਸਟੋ ਅਤੇ ਕਾਪੀਆਂ ਨੂੰ ਪ੍ਰਦਰਸ਼ਿਤ ਕਰਦੇ ਹੋਏ ਚੱਢਾ ਨੇ 1977 ਤੋਂ 2015 ਤੱਕ ਦਿੱਲੀ ਦੇ ਰਾਜ ਦਾ ਦਰਜਾ ਦੇਣ ਲਈ ਭਾਜਪਾ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾ ਮੌਜੂਦਾ ਸੱਤਾਧਾਰੀ ਪਾਰਟੀ ਦੇ ਆਪਣੇ ਬਜ਼ੁਰਗਾਂ ਦੀ ਵਿਰਾਸਤ ਦੀ ਅਣਦੇਖੀ ਕਰਨ ਲਈ ਆਲੋਚਨਾ ਕੀਤੀ ਅਤੇ ਕਿਹਾ ਕਿਰਪਾ ਕਰਕੇ ਅਡਵਾਨੀ ਜੀ ਦੀ ਇੱਛਾ ਪੂਰੀ ਕਰੋ। ਮਹਾਭਾਰਤ ਦੀ ਇਤਿਹਾਸਕ ਲੜਾਈ ਦੇ ਵਿਚਕਾਰ ਸਮਾਨਤਾਵਾਂ ਖਿੱਚਦੇ ਹੋਏ ਚੱਢਾ ਨੇ ਰਾਮਧਾਰੀ ਦਿਨਕਰ ਦੀਆਂ ਮਸ਼ਹੂਰ ਲਾਈਨਾਂ ਨੂੰ ਯਾਦ ਕੀਤਾ।

ਬਹਿਸ 'ਚ ਹਿਸਾ ਲੈਂਦਿਆਂ ਕਾਂਗਰਸ ਦੇ ਮੈਂਬਰ ਅਭਿਸ਼ੇਕ ਮਨੂੰ ਸਿੰਘਵੀ ਨੇ ਬਿੱਲ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਦਿੱਲੀ 'ਚ ਸੇਵਾਵਾਂ ਦੇ ਨਿਯੰਤਰਣ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੇ ਉਲਟ ਹੈ।

# ਵੱਡੀ ਬਹਿਸ ਤੋਂ ਪਹਿਲਾਂ ਰਾਹੁਲ ਦੀ ਐਂਟਰੀ



**ਨਵੀਂ ਦਿੱਲੀ** : 'ਮੋਦੀ ਗੋਤ' 'ਤੇ ਟਿੱਪਣੀ ਸੰਬੰਧੀ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ 'ਤੇ ਸੁਪਰੀਮ ਕੋਰਟ ਵੱਲੋਂ ਰੋਕ ਲਾਉਣ ਤੋਂ ਬਾਅਦ ਸੋਮਵਾਰ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਬਹਾਲ ਕਰ ਦਿੱਤੀ ਗਈ ਜਦੋਂ ਲੋਕ ਸਭਾ ਸਕੱਤਰੇਤ ਨੇ ਇਸ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਨੋਟੀਫਿਕੇਸ਼ਨ ਵਿਚ ਸਕੱਤਰੇਤ ਨੇ ਕਿਹਾ ਕਿ ਸੁਪਰੀਮ ਕੋਰਟ ਦੇ 4 ਅਗਸਤ ਦੇ ਫੈਸਲੇ ਦੇ ਮੱਦੇਨਜ਼ਰ ਰਾਹੁਲ ਗਾਂਧੀ ਦੀ ਅਯੋਗਤਾ ਬਾਰੇ 24 ਮਾਰਚ ਦੇ ਨੋਟੀਫਿਕੇਸ਼ਨ ਨੂੰ ਅਗਲੇ ਨਿਆਂਇਕ ਫੈਸਲੇ ਤੱਕ ਲਾਗੂ ਕਰਨ 'ਤੇ ਰੋਕ ਲਗਾਈ ਗਈ ਹੈ। ਇਸੇ ਦੌਰਾਨ ਮੈਂਬਰਸ਼ਿਪ ਬਹਾਲ ਹੋਣ ਤੋਂ ਬਾਅਦ ਰਾਹੁਲ ਗਾਂਧੀ ਸੰਸਦ ਪੁੱਜੇ, ਜਿੱਥੇ ਕਾਂਗਰਸ ਅਤੇ ਕੁਝ ਹੋਰ ਸਹਿਯੋਗੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਉਨ੍ਹਾ ਦਾ ਸਵਾਗਤ ਕੀਤਾ ਅਤੇ ਉਨ੍ਹਾ ਦੇ ਸਮਰਥਨ 'ਚ ਨਾਅਰੇਬਾਜ਼ੀ ਕੀਤੀ। ਲੋਕ ਸਭਾ ਵਿਚ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ, ਰਾਜ ਸਭਾ ਵਿਚ ਪਾਰਟੀ ਦੇ ਉਪ ਨੇਤਾ ਪ੍ਰਮੋਦ ਤਿਵਾੜੀ, ਸਮਾਜਵਾਦੀ ਪਾਰਟੀ ਦੇ ਰਾਮ ਗੋਪਾਲ ਯਾਦਵ, ਸ਼ਿਵ ਸੈਨਾ (ਯੂ ਬੀ ਟੀ) ਦੇ ਸੰਜੇ ਰਾਉਤ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਐੱਨ ਕੇ ਪ੍ਰੇਮਚੰਦਰਨ ਅਤੇ ਕਈ ਹੋਰ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਭਵਨ ਦੇ ਗੇਟ 'ਤੇ ਰਾਹੁਲ ਗਾਂਧੀ ਦਾ ਸਵਾਗਤ ਕੀਤਾ। 8 ਅਗਸਤ ਨੂੰ ਮੋਦੀ ਸਰਕਾਰ ਖਿਲਾਫ ਬੇਵਿਸਾਹੀ ਮਤੇ 'ਤੇ ਲੋਕ ਸਭਾ ਵਿਚ ਵੱਡੀ ਬਹਿਸ ਹੋਣੀ ਹੈ, ਜਿਸ ਵਿਚ ਰਾਹੁਲ ਗਾਂਧੀ ਹਿੱਸਾ ਲੈਣਗੇ।

# ਜੀ ਐੱਸ ਟੀ 'ਚ 16.5 ਤੇ ਐਕਸਾਈਜ਼ 'ਚ 20.87 ਫੀਸਦੀ ਦਾ ਵਾਧਾ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਦੱਸਿਆ ਕਿ ਵਿੱਤੀ ਵਰ੍ਹੇ 2023-24 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਸੂਬੇ ਨੇ ਵਸਤਾਂ ਤੇ ਸੇਵਾਵਾਂ ਕਰ (ਜੀ ਐੱਸ ਟੀ) ਅਤੇ ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿੱਚ ਕ੍ਰਮਵਾਰ 16.5 ਫੀਸਦੀ ਅਤੇ 20.87 ਫੀਸਦੀ ਦਾ ਵਾਧਾ ਦਰਜ ਕੀਤਾ ਹੈ।

ਚੀਮਾ ਨੇ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਦੌਰਾਨ ਸੂਬੇ ਨੂੰ ਜੀ ਐੱਸ ਟੀ ਤੋਂ 5846.31 ਕਰੋੜ ਰੁਪਏ, ਆਬਕਾਰੀ ਤੋਂ 2772.08 ਕਰੋੜ ਰੁਪਏ, ਵੈਟ ਤੋਂ 2286.32 ਕਰੋੜ ਰੁਪਏ, ਸੀ ਐੱਸ ਟੀ ਤੋਂ 80.84 ਕਰੋੜ ਰੁਪਏ ਅਤੇ ਪੀ ਐੱਸ ਡੀ ਟੀ ਤੋਂ 51.62 ਕਰੋੜ ਰੁਪਏ ਦਾ ਮਾਲੀਆ ਇਕੱਤਰ ਹੋਇਆ ਸੀ। ਉਨ੍ਹਾਂ ਕਿਹਾ ਕਿ ਬੀਤੇ ਵਿੱਤੀ ਵਰ੍ਹੇ ਦੌਰਾਨ ਜੁਲਾਈ ਮਹੀਨੇ ਦੇ ਅੰਤ ਤੱਕ ਇਨ੍ਹਾਂ ਵਸੀਲਿਆਂ ਤੋਂ ਕੁੱਲ 11037.17 ਕਰੋੜ ਰੁਪਏ ਪ੍ਰਾਪਤ ਹੋਏ ਸਨ। ਵਿੱਤ ਮੰਤਰੀ ਨੇ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਨੇ ਆਪਣੀ ਕਾਰਗੁਜ਼ਾਰੀ ਵਿੱਚ ਲਗਾਤਾਰ ਸੁਧਾਰ ਕਰਦਿਆਂ ਇਸ ਵਿੱਤੀ ਵਰ੍ਹੇ ਦੌਰਾਨ ਜੁਲਾਈ ਮਹੀਨੇ ਦੇ ਅੰਤ ਤੱਕ ਜੀ ਐੱਸ ਟੀ ਤੋਂ 6810.76 ਕਰੋੜ ਰੁਪਏ, ਆਬਕਾਰੀ ਤੋਂ 3033.78 ਕਰੋੜ ਰੁਪਏ, ਵੈਟ ਤੋਂ 2348.55 ਕਰੋੜ ਰੁਪਏ, ਸੀ ਐੱਸ ਟੀ ਤੋਂ 76.91 ਕਰੋੜ ਰੁਪਏ ਅਤੇ ਪੀ ਐੱਸ ਡੀ ਟੀ ਤੋਂ 52.71 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤੇ ਹਨ। ਉਨ੍ਹਾ ਕਿਹਾ ਕਿ ਹੁਣ ਤੱਕ ਉਪਰੋਕਤ ਵਸੀਲਿਆਂ ਤੋਂ ਕੁੱਲ 12322.71 ਕਰੋੜ ਪ੍ਰਾਪਤ ਹੋਏ ਹਨ, ਜੋ ਵਿੱਤੀ ਵਰ੍ਹੇ 2022-23 ਦੇ ਇਸੇ ਸਮੇਂ ਦੇ ਮੁਕਾਬਲੇ 11.65 ਫੀਸਦੀ ਵੱਧ ਹੈ।

ਟੈਕਸ ਇੰਟੈਲੀਜੈਂਸ ਯੂਨਿਟ (ਟੀ ਆਈ ਯੂ) ਅਤੇ ਹੋਰ ਤਕਨੀਕੀ ਤੇ ਪ੍ਰਸ਼ਾਸਨਿਕ ਸੁਧਾਰਾਂ ਸਦਕਾ ਜੀ ਐੱਸ ਟੀ ਵਿੱਚ ਲਗਾਤਾਰ ਹੋ ਰਹੇ ਵਾਧੇ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਜਿੱਥੇ ਜੀ ਐੱਸ ਟੀ ਵਿੱਚ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਹੁਣ ਤੱਕ ਕੁੱਲ 16.5 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਉਥੇ ਬੀਤੇ ਵਰ੍ਹੇ ਦੇ ਮੁਕਾਬਲੇ ਇਸ ਸਾਲ ਜੁਲਾਈ ਮਹੀਨੇ ਦੌਰਾਨ ਜੀ ਐੱਸ ਟੀ ਤੋਂ ਪ੍ਰਾਪਤ ਮਾਲੀਏ ਵਿੱਚ 36.07 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਕਰ ਵਿਭਾਗ ਇਮਾਨਦਾਰ ਕਰਦਾਤਾਵਾਂ ਦੀ ਸਹੂਲਤ ਅਤੇ ਕਰ ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਣ ਲਈ ਤਕਨੀਕ ਦੀ ਹੋਰ ਬੇਹਤਰ ਵਰਤੋਂ ਕਰਨ ਵੱਲ ਮਹੱਤਵਪੂਰਨ ਕਦਮ ਪੁੱਟ ਰਿਹਾ ਹੈ। ਉਨ੍ਹਾ ਕਿਹਾ ਕਿ ਇਸੇ ਦਿਸ਼ਾ ਵਿੱਚ ਜਲਦੀ ਹੀ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਤਹਿਤ ਨਵੀਂ ਮੋਬਾਇਲ ਐਪ ਵੀ ਜਾਰੀ ਕੀਤੀ ਜਾਵੇਗੀ।

ਉਹਨਾ ਕਿਹਾ ਕਿ ਪਿਛਲੀ ਸੂਬਾ ਸਰਕਾਰ ਸਿਰਫ ਜੀ ਐੱਸ ਟੀ ਮੁਆਵਜ਼ੇ 'ਤੇ ਨਿਰਭਰ ਰਹੀ ਅਤੇ ਇਸ ਵੱਲੋਂ ਮਾਲੀਏ ਨੂੰ ਵਧਾਉਣ ਲਈ ਲੋੜੀਂਦੇ ਕਦਮ ਨਹੀਂ ਪੁੱਟੇ ਗਏ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਆਰਥਕ ਪੱਖੋਂ ਆਤਮ ਨਿਰਭਰ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ, ਤਾਂ ਜੋ ਸੂਬੇ ਦੇ ਸੁਨਹਿਰੀ ਭਵਿੱਖ ਨੂੰ ਯਕੀਨੀ ਬਣਾਇਆ ਜਾ ਸਕੇ।

# ਭਲਕ ਦੇ ਐਕਸ਼ਨ ਲਈ ਪੂਰੀ ਤਾਕਤ ਲਾ ਦਿਓ : ਬਰਾੜ, ਧਾਲੀਵਾਲ

**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ 10 ਕੇਂਦਰੀ ਟਰੇਡ ਯੂਨੀਅਨ ਸੰਗਠਨਾਂ ਵੱਲੋਂ 9 ਅਗਸਤ ਨੂੰ ਮੁਲਾਜ਼ਮਾਂ, ਮਜ਼ਦੂਰਾਂ, ਬੇਰੁਜ਼ਗਾਰਾਂ, ਕੰਟਰੈਕਟ/ ਆਊਟ ਸੋਰਸ ਵਰਕਰਾਂ, ਸਕੀਮ ਵਰਕਰਾਂ, ਨਰੇਗਾ ਕਾਮਿਆਂ, ਭੱਠਾ ਵਰਕਰਾਂ, ਐੱਫ ਸੀ ਆਈ ਪੱਲੇਦਾਰ ਵਰਕਰਾਂ, ਖੇਤ ਮਜ਼ਦੂਰਾਂ, ਉਸਾਰੀ ਕਿਰਤੀਆਂ, ਆਂਗਣਵਾੜੀ, ਆਸ਼ਾ ਵਰਕਰਾਂ, ਘਰੇਲੂ ਕੰਮਕਾਜੀ ਔਰਤਾਂ, ਸਨਅਤੀ ਮਜ਼ਦੂਰਾਂ ਆਦਿ ਸਭ ਤਰ੍ਹਾਂ ਦੇ ਕਿਰਤੀਆਂ ਦੇ ਮਸਲਿਆਂ ਨੂੰ ਲੈ ਕੇ ਮੋਦੀ-ਸ਼ਾਹ ਦੀ ਲੋਕ ਵਿਰੋਧੀ ਸਰਕਾਰ ਦੀਆਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਪਛਾੜਨ ਲਈ ਅਤੇ ਮਜ਼ਦੂਰਾਂ ਦੇ ਮਸਲਿਆਂ ਦੇ ਹੱਲ ਲਈ ਦੇਸ਼-ਵਿਆਪੀ ਲਾਮਬੰਦੀ ਕਰਨ ਲਈ ਅਤੇ ਭਵਿੱਖ ਦੇ ਵੱਡੇ ਸੰਘਰਸ਼ਾਂ ਦੀ ਤਿਆਰੀ ਵਜੋਂ ਸਾਰੇ ਦੇਸ਼ ਵਿੱਚ ਭਾਰਤ ਛੱਡੋ ਅੰਦੋਲਨ ਦੀ ਤਰ੍ਹਾਂ ਵਿਸ਼ਾਲ ਮੁਜ਼ਾਹਰੇ, ਧਰਨੇ, ਜਲੂਸ ਅਤੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਐਕਸ਼ਨ ਪ੍ਰੋਗਰਾਮ ਮੁਤਾਬਕ ਹੀ ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ, ਸਨਅਤੀ ਕੇਂਦਰਾਂ ਅਤੇ ਮੁੱਖ ਦਫਤਰਾਂ ਦੇ ਸਾਹਮਣੇ ਅਜਿਹੇ ਐਕਸ਼ਨ ਵੱਡੇ ਪੈਮਾਨੇ ਉਪਰ ਕੀਤੇ ਜਾ ਰਹੇ ਹਨ। ਇਨ੍ਹਾਂ ਧਰਨਿਆਂ, ਮੁਜ਼ਾਹਰਿਆਂ ਅਤੇ ਰੈਲੀਆਂ ਰਾਹੀਂ ਜ਼ੋਰਦਾਰ ਮੰਗ ਕੀਤੀ ਜਾਵੇਗੀ ਕਿ ਘੱਟੋ-ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇ, ਕੰਟਰੈਕਟ/ਆਊਟਸੋਰਸ ਸਿਸਟਮ ਖਤਮ ਕਰਕੇ ਸਭ ਤਰ੍ਹਾਂ ਦੇ ਕਰਮਚਾਰੀ ਪੱਕੇ ਕੀਤੇ ਜਾਣ, ਮਜ਼ਦੂਰ ਵਿਰੋਧੀ ਚਾਰੇ ਲੇਬਰ ਕੋਡਜ਼ ਰੱਦ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਪਬਲਿਕ ਸੈਕਟਰ ਦੇ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਸਕੀਮ ਵਰਕਰਾਂ ਨੂੰ ਰੈਗੂਲਰ ਵਰਕਰਜ਼ ਦਾ ਦਰਜਾ ਦਿੱਤਾ ਜਾਵੇ, ਅੱਤ ਦੀ ਮਹਿੰਗਾਈ ਨੂੰ ਰੋਕਿਆ ਜਾਵੇ, ਭੱਠਾ ਵਰਕਰ, ਪੱਲੇਦਾਰ, ਖੇਤ ਮਜ਼ਦੂਰ, ਘਰੇਲੂ ਕੰਮਕਾਜੀ ਔਰਤਾਂ, ਆਂਗਣਵਾੜੀ, ਆਸ਼ਾ ਵਰਕਰ, ਮਿਡ ਡੇ ਮੀਲ ਵਰਕਰ, ਉਸਾਰੀ ਕਿਰਤੀ, ਨਰੇਗਾ ਵਰਕਰਾਂ ਆਦਿ ਸਭ ਵਰਕਰਾਂ ਦੀਆਂ ਮੰਗਾਂ ਮੰਨਣਾ ਅਤੇ ਉਹਨਾਂ ਦੀਆਂ ਕੰਮ ਹਾਲਤਾਂ ਨੂੰ ਬਿਹਤਰ ਬਣਾਉਣਾ ਆਦਿ ਮਸਲੇ ਹੱਲ ਕੀਤੇ ਜਾਣ।

ਬਰਾੜ ਅਤੇ ਧਾਲੀਵਾਲ ਨੇ ਏਟਕ ਨਾਲ ਸੰਬੰਧਤ ਸਾਰੇ ਆਗੂ ਸਾਥੀਆਂ ਅਤੇ ਕਾਰਕੁਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਐਕਸ਼ਨ ਪ੍ਰੋਗਰਾਮ ਨੂੰ ਪੂਰੀ ਤਨਦੇਹੀ ਨਾਲ ਕਾਮਯਾਬ ਕਰਨ ਲਈ ਪੂਰੀ ਤਾਕਤ ਲਾ ਦਿਓ।

## ਉਸਾਰੀਆਂ ਢਾਹੁਣ 'ਤੇ ਰੋਕ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸੋਮਵਾਰ ਹਰਿਆਣਾ ਦੇ ਨੂਹ ਵਿਚ ਉਸਾਰੀਆਂ ਢਾਹੁਣ ਦੀ ਮੁਹਿੰਮ ਨੂੰ ਰੋਕ ਦਿੱਤਾ ਗਿਆ। ਪਿਛਲੇ ਹਫਤੇ ਨੂਹ 'ਚ ਫਿਰਕੂ ਹਿੰਸਾ ਹੋਈ ਸੀ। ਜਸਟਿਸ ਜੀ ਐੱਸ ਸੰਧਾਵਾਲੀਆ ਦੀ ਅਦਾਲਤ ਨੇ ਉਸਾਰੀਆਂ ਢਾਹੁਣ ਦੀ ਮੁਹਿੰਮ ਦਾ ਖੁਦ ਨੋਟਿਸ ਲਿਆ ਅਤੇ ਸੂਬਾ ਸਰਕਾਰ ਨੂੰ ਕਾਰਵਾਈ ਰੋਕਣ ਦੇ ਨਿਰਦੇਸ਼ ਦਿੱਤੇ।

## ਦਿੱਲੀ ਏਮਜ਼ 'ਚ ਅੱਗ

**ਨਵੀਂ ਦਿੱਲੀ** : ਇੱਥੇ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੇ ਐਮਰਜੰਸੀ ਵਾਰਡ ਨੇੜੇ ਸੋਮਵਾਰ ਅਚਾਨਕ ਅੱਗ ਲੱਗ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਕਰੀਬ 11.54 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਇਸ ਤੋਂ ਤੁਰੰਤ ਬਾਅਦ 13 ਫਾਇਰ ਟੈਂਡਰ ਮੌਕੇ 'ਤੇ ਪਹੁੰਚ ਗਏ। ਏਮਜ਼ ਦੇ ਸੂਤਰਾਂ ਅਨੁਸਾਰ ਅੱਗ ਐਮਰਜੰਸੀ ਵਾਰਡ ਦੇ ਉੱਪਰ ਦੂਜੀ ਮੰਜ਼ਿਲ 'ਤੇ ਸਥਿਤ ਐਂਡੋਸਕੋਪੀ ਕਮਰੇ 'ਚ ਲੱਗੀ, ਜਿੱਥੇ ਪੁਰਾਣੀ ਓ ਪੀ ਡੀ ਹੁੰਦੀ ਸੀ। ਉਥੋਂ ਸਾਰੇ ਮਰੀਜ਼ਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

## ਐੱਮ ਬੀ ਬੀ ਐੱਸ ਵਿਦਿਆਰਥਣ ਸੈਲਫੀ ਲੈਂਦੀ ਨਦੀ 'ਚ ਡਿੱਗੀ

**ਦੇਹਰਾਦੂਨ** : ਇੱਥੋਂ ਦੇ ਮਸ਼ਹੂਰ ਸਹਸਤ੍ਰਧਾਰਾ 'ਚ ਨਹਾਉਂਦਿਆਂ ਸੈਲਫੀ ਲੈਂਦੇ ਸਮੇਂ ਮੈਡੀਕਲ ਵਿਦਿਆਰਥਣ ਦੀ ਨਦੀ 'ਚ ਡਿਗਣ ਕਾਰਨ ਮੌਤ ਹੋ ਗਈ। ਯੂ ਪੀ ਦੇ ਮੁਰਾਦਾਬਾਦ ਦੇ ਮੈਡੀਕਲ ਕਾਲਜ 'ਚ ਐੱਮ ਬੀ ਬੀ ਐੱਸ ਦੇ ਪਹਿਲੇ ਸਾਲ ਦੀ ਵਿਦਿਆਰਥਣ ਸਵਾਤੀ ਜੈਨ (20) ਐਤਵਾਰ ਆਪਣੇ ਦੋਸਤਾਂ ਨਾਲ ਸਹਸਤ੍ਰਧਾਰਾ ਗਈ ਸੀ। ਦੋਵੇਂ ਸਹਸਤ੍ਰਧਾਰਾ 'ਚ ਉੱਪਰ ਗਏ ਅਤੇ ਨਹਾਉਣ ਲੱਗੇ। ਇਸੇ ਦੌਰਾਨ ਸਵਾਤੀ ਪੱਥਰ ਉੱਤੇ ਚੜ੍ਹ ਕੇ ਆਪਣੇ ਮੋਬਾਈਲ ਫੋਨ ਨਾਲ ਸੈਲਫੀ ਲੈਣ ਲੱਗੀ। ਸੈਲਫੀ ਲੈਂਦੇ ਸਮੇਂ ਉਸ ਦਾ ਪੈਰ ਫਿਸਲ ਗਿਆ ਅਤੇ ਉਹ ਸਿੱਧੀ ਨਦੀ 'ਚ ਡਿੱਗੀ। ਬਰਸਾਤ ਕਾਰਨ ਨਦੀ ਦਾ ਵਹਾਅ ਤੇਜ਼ ਸੀ। ਸਵਾਤੀ ਨੂੰ ਰੁੜ੍ਹਦੀ ਦੇਖ ਉਸ ਦੇ ਦੋਸਤਾਂ ਅਤੇ ਹੋਰਨਾਂ ਨੇ ਰੌਲਾ ਪਾਇਆ। ਪੁਲਸ ਅਤੇ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਟੀਮ ਨੇ ਘਟਨਾ ਸਥਾਨ ਤੋਂ ਕਰੀਬ ਦੋ ਕਿਲੋਮੀਟਰ ਦੂਰ ਬੇਹੋਸ਼ੀ ਦੀ ਹਾਲਤ 'ਚ ਉਸ ਨੂੰ ਰੱਸੀਆਂ ਦੀ ਮਦਦ ਨਾਲ ਬਾਹਰ ਕੱਢਿਆ। ਹਸਪਤਾਲ 'ਚ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# 13 ਸਾਲਾ ਕੁੜੀ ਨਾਲ 28 ਦਿਨ ਸਮੂਹਕ ਬਲਾਤਕਾਰ

**ਮੁਜ਼ੱਫਰਪੁਰ** : ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ 'ਚ ਛੇ ਵਿਅਕਤੀਆਂ ਵੱਲੋਂ 13 ਸਾਲਾ ਕੁੜੀ ਨੂੰ ਅਗਵਾ ਕਰਕੇ 28 ਦਿਨਾਂ ਤੱਕ ਸਮੂਹਕ ਬਲਾਤਕਾਰ ਕੀਤਾ ਗਿਆ। 5 ਅਗਸਤ ਦੀ ਸ਼ਾਮ ਨੂੰ ਮੁਲਜ਼ਮ ਨੇ ਪੀੜਤਾ ਦੀ ਮਾਂ ਨੂੰ ਫੋਨ ਕਰਕੇ ਸਰਾਇਆ ਚੌਕ ਤੋਂ ਕੁੜੀ ਲੈ ਕੇ ਜਾਣ ਲਈ ਕਿਹਾ। ਆਈ ਪੀ ਸੀ ਦੀ ਧਾਰਾ 366 ਏ ਅਤੇ ਪੋਕਸੋ ਐਕਟ ਤਹਿਤ ਐੱਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਜ਼ਿਲ੍ਹਾ ਪੁਲਸ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ।

ਪੀੜਤਾ ਦੀ ਮਾਂ ਨੇ ਦੋਸ਼ ਲਾਇਆ ਕਿ ਸਰਾਇਆ ਥਾਣਾ ਅਧੀਨ ਪੈਂਦੇ ਪਿੰਡ ਸਿਸਵਾਨੀਆ ਤੋਂ ਮੁਲਜ਼ਮ 9 ਜੁਲਾਈ ਨੂੰ ਉਸ ਦੀ ਧੀ ਨੂੰ ਅਗਵਾ ਕਰਕੇ ਕਾਰ 'ਚ ਲੈ ਗਿਆ। 9 ਜੁਲਾਈ ਨੂੰ ਮੁਲਜ਼ਮ ਖਿਲਾਫ ਲਿਖਤੀ ਸ਼ਿਕਾਇਤ ਦਰਜ ਕਰਵਾਈ, ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। 5 ਅਗਸਤ ਨੂੰ ਰਾਤ 8 ਵਜੇ ਮੁਲਜ਼ਮ ਦਾ ਫੋਨ ਆਇਆ ਤੇ ਉਸ ਨੇ ਸਰਾਇਆ ਚੌਕ ਤੋਂ ਆਪਣੀ ਧੀ ਨੂੰ ਲੈ ਕੇ ਜਾਣ ਲਈ ਕਿਹਾ। ਜਦੋਂ ਉਹ ਉੱਥੇ ਪੁੱਜੀ ਤਾਂ ਕੁੜੀ ਤਰਸਯੋਗ ਹਾਲਤ 'ਚ ਸੀ। ਪੁਲਸ ਮੁਤਾਬਕ ਪੀੜਤਾ ਫੇਸਬੁੱਕ 'ਤੇ ਦੋਸ਼ੀ ਦੇ ਸੰਪਰਕ 'ਚ ਆਈ ਸੀ। 9 ਜੁਲਾਈ ਨੂੰ ਉਸ ਨੂੰ ਅਗਵਾ ਕਰਨ ਤੋਂ ਬਾਅਦ ਉਸ ਨੂੰ ਕਿਸੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ ਅਤੇ ਅਗਲੇ 28 ਦਿਨਾਂ ਲਈ ਬੰਦੀ ਬਣਾ ਕੇ ਰੱਖਿਆ ਗਿਆ। ਧਾਰਾ 164 ਦੇ ਤਹਿਤ ਡਿਊਟੀ ਮੈਜਿਸਟ੍ਰੇਟ ਦੇ ਸਾਹਮਣੇ ਪੀੜਤਾ ਦੇ ਬਿਆਨ ਦਰਜ ਕਰ ਲਏ ਹਨ ਅਤੇ ਉਸ ਦੀ ਮੈਡੀਕਲ ਜਾਂਚ ਵੀ ਕਰਵਾਈ ਹੈ। ਉਸ ਨੇ ਮੁਲਜ਼ਮਾਂ ਦੀ ਪਛਾਣ ਦੱਸ ਦਿੱਤੀ ਹੈ। ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# 'ਆਪ' ਗੁਜਰਾਤ 'ਚ ਕਾਂਗਰਸ ਨਾਲ ਸੀਟ ਐਡਜਸਟਮੈਂਟ ਲਈ ਤਿਆਰ



**ਅਹਿਮਦਾਬਾਦ** : ਗੁਜਰਾਤ 'ਚ ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਇਸੂਦਨ ਗਢਵੀ ਨੇ ਸੋਮਵਾਰ ਕਿਹਾ ਕਿ ਰਾਜ 'ਚ ਅਗਲੇ ਸਾਲ ਲੋਕ ਸਭਾ ਚੋਣਾਂ ਲੜਨ ਲਈ 'ਆਪ' ਅਤੇ ਕਾਂਗਰਸ ਗਠਜੋੜ ਕਰਨਗੇ। ਉਨ੍ਹਾ ਕਿਹਾ-ਆਮ ਆਦਮੀ ਪਾਰਟੀ ਅਤੇ ਕਾਂਗਰਸ ਗੁਜਰਾਤ 'ਚ ਸੀਟਾਂ ਦੀ ਆਪਸ 'ਚ ਵੰਡ ਕਰਕੇ ਲੋਕ ਸਭਾ ਚੋਣਾਂ ਲੜਨਗੀਆਂ। ਅਸੀਂ ਯਕੀਨਨ ਕਹਿ ਸਕਦੇ ਹਾਂ ਕਿ ਜੇ ਸੀਟਾਂ ਦੀ ਵੰਡ ਸਹੀ ਰਹੀ ਤਾਂ ਭਾਜਪਾ 26 ਵਿੱਚੋਂ 26 ਸੀਟਾਂ ਨਹੀਂ ਜਿੱਤ ਸਕਦੀ।

2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ 5 ਸੀਟਾਂ 'ਤੇ ਜਿੱਤ ਦਰਜ ਕੀਤੀ, ਜਦੋਂ ਕਿ ਕਾਂਗਰਸ ਨੇ 182 ਮੈਂਬਰਾਂ ਵਾਲੇ ਸਦਨ 'ਚ 17 ਸੀਟਾਂ ਜਿੱਤੀਆਂ। 'ਆਪ' ਦੀ ਵੋਟ ਪ੍ਰਤੀਸ਼ਤਤਾ 12.9 ਰਹੀ, ਜਦਕਿ ਕਾਂਗਰਸ ਨੂੰ 27.28 ਫੀਸਦੀ ਵੋਟਾਂ ਮਿਲੀਆਂ। ਇਹ ਦੋਵੇਂ ਪਾਰਟੀਆਂ 26 ਵਿਰੋਧੀ ਪਾਰਟੀਆਂ ਦੇ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਵਿਚ ਸ਼ਾਮਲ ਹਨ। ਗੁਜਰਾਤ ਕਾਂਗਰਸ ਦੇ ਬੁਲਾਰੇ ਮਨੀਸ਼ ਦੋਸ਼ੀ ਨੇ ਕਿਹਾ ਕਿ ਉਨ੍ਹਾ ਨੂੰ 'ਆਪ' ਦੇ ਐਲਾਨ ਬਾਰੇ ਪਤਾ ਲੱਗਾ ਹੈ, ਪਰ ਸੀਟਾਂ ਦੀ ਐਡਜਸਟਮੈਂਟ ਦਾ ਫੈਸਲਾ ਹਾਈ ਕਮਾਨ ਨੇ ਕਰਨਾ ਹੈ।

# ਲੋਕਾਂ ਨੇ ਦੋ 'ਦਹਿਸ਼ਤਗਰਦ' ਫੜੇ



**ਮੋਗਾ** : ਸੋਮਵਾਰ ਇਥੇ ਦਿਨ-ਦਿਹਾੜੇ ਅੰਮ੍ਰਿਤਸਰ ਰੋਡ ਉੱਤੇ ਆਇਲੈੱਟਸ ਸੈਂਟਰ ਸੰਚਾਲਕ ਉੱਤੇ ਜਾਨਲੇਵਾ ਹਮਲਾ ਕਰਨ 'ਚ ਅਸਫਲ ਰਹਿਣ ਮਗਰੋਂ ਫਰਾਰ 'ਦਹਿਸ਼ਤਗਰਦਾਂ' ਦੀ ਮੋਟਰਸਾਈਕਲ ਸ਼ਹਿਰ ਤੋਂ ਬਾਹਰ ਲੁਹਾਰਾ ਚੌਕ ਥਾਣਾ ਧਰਮਕੋਟ ਖੇਤਰ 'ਚ ਹਾਦਸੇ ਦਾ ਸ਼ਿਕਾਰ ਹੋ ਗਈ। ਮੋਟਰਸਾਈਕਲ ਸਵਾਰ ਦੋਵੇਂ ਮੁੰਡੇ ਡਿੱਗ ਗਏ ਤਾਂ ਰਾਹਗੀਰ ਮਦਦ ਲਈ ਪੁੱਜੇ ਅਤੇ ਹਸਪਤਾਲ ਲਿਜਾਣ ਲਈ ਆਖਿਆ ਤਾਂ 'ਦਹਿਸ਼ਤਗਰਦ' ਭੱਜਣ ਦੀ ਕੋਸ਼ਿਸ਼ ਕਰਨ ਲੱਗੇ। ਲੋਕਾਂ ਨੂੰ ਸ਼ੱਕ ਹੋ ਗਿਆ ਤੇ ਉਨ੍ਹਾਂ ਦੋਵਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ। ਦੋਵਾਂ ਦੀ ਡੱਬ ਵਿਚ ਪਿਸਤੌਲ ਸਨ। ਪਿੰਡ ਲੁਹਾਰਾ ਦੇ ਨੌਜਵਾਨ ਜਗਤਾਰ ਸਿੰਘ ਨੇ ਹੋਰ ਨੌਜਵਾਨ ਦਰਸ਼ਨ ਸਿੰਘ ਦੀ ਮਦਦ ਨਾਲ ਕਾਬੂ ਕਰਕੇ ਬਹਾਦਰੀ ਦਿਖਾਈ। ਦੋਵਾਂ ਦੀ ਪਛਾਣ ਹੋ ਗਈ ਹੈ। ਇਨ੍ਹਾਂ 'ਚੋਂ ਇਕ 'ਦਹਿਸ਼ਤਗਰਦ' ਮੁਜ਼ੱਫਰਨਗਰ ਤੇ ਦੂਜਾ ਦਿੱਲੀ ਦਾ ਰਹਿਣ ਵਾਲਾ ਹੈ। ਦੋਵਾਂ ਮੁਲਜ਼ਮਾਂ ਖਿਲਾਫ ਥਾਣਾ ਧਰਮਕੋਟ ਪੁਲਸ ਨੇ ਆਰਮਜ਼ ਐਕਟ ਅਧੀਨ ਧਾਰਾਵਾਂ ਤਹਿਤ, ਜਦੋਂ ਕਿ ਥਾਣਾ ਸਿਟੀ ਪੁਲਸ ਨੇ ਆਇਲੈੱਟਸ ਸੈਂਟਰ ਸੰਚਾਲਕ ਵਨੀਤ ਸ਼ਰਮਾ ਦੇ ਬਿਆਨ ਉੱਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

# ਮਨੀਪੁਰ 'ਚ ਮੁੜ-ਵਸੇਬੇ ਦੀ ਨਿਗਰਾਨੀ ਤਿੰਨ ਸਾਬਕਾ ਜੱਜ ਬੀਬੀਆਂ ਕਰਨਗੀਆਂ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਮਨੀਪੁਰ ਹਿੰਸਾ ਤੋਂ ਪ੍ਰਭਾਵਤ ਲੋਕਾਂ ਲਈ ਰਾਹਤ ਅਤੇ ਮੁੜ-ਵਸੇਬੇ ਦੀ ਨਿਗਰਾਨੀ ਲਈ ਵੱਖ-ਵੱਖ ਹਾਈ ਕੋਰਟਾਂ ਦੀਆਂ ਤਿੰਨ ਸਾਬਕਾ ਮਹਿਲਾ ਜੱਜਾਂ ਦੀ ਕਮੇਟੀ ਬਣਾਉਣ ਦਾ ਐਲਾਨ ਕੀਤਾ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਜੰਮੂ-ਕਸ਼ਮੀਰ ਹਾਈ ਕੋਰਟ ਦੀ ਸਾਬਕਾ ਚੀਫ ਜਸਟਿਸ ਗੀਤਾ ਮਿੱਤਲ ਤਿੰਨ ਮੈਂਬਰੀ ਕਮੇਟੀ ਦੀ ਚੇਅਰਪਰਸਨ ਹੋਵੇਗੀ। ਬੈਂਚ ਨੇ ਕਿਹਾ ਕਿ ਜਸਟਿਸ (ਸੇਵਾ-ਮੁਕਤ) ਸ਼ਾਲਿਨੀ ਪੀ ਜੋਸ਼ੀ ਅਤੇ ਜਸਟਿਸ (ਸੇਵਾ-ਮੁਕਤ) ਆਸ਼ਾ ਮੈਨਨ ਕਮੇਟੀ ਦੀਆਂ ਮੈਂਬਰ ਹੋਣਗੀਆਂ। ਇਸ ਤੋਂ ਪਹਿਲਾਂ ਮਨੀਪੁਰ ਹਿੰਸਾ ਮਾਮਲੇ 'ਚ ਚੁੱਕੇ ਕਦਮਾਂ ਨਾਲ ਜੁੜੇ ਸੁਆਲਾਂ ਦੇ ਜੁਆਬ ਦੇਣ ਲਈ ਰਾਜ ਦੇ ਡੀ ਜੀ ਪੀ ਰਾਜੀਵ ਸਿੰਘ ਸੁਪਰੀਮ ਕੋਰਟ 'ਚ ਪੇਸ਼ ਹੋਏ। ਇਸ ਮੌਕੇ ਐੱਸ ਆਈ ਟੀ ਕਾਇਮ ਕਰਨ ਦੀ ਤਜਵੀਜ਼ ਦਾ ਜ਼ਿਕਰ ਕਰਦਿਆਂ ਅਟਾਰਨੀ ਜਨਰਲ ਨੇ ਕਿਹਾ ਕਿ ਮਨੀਪੁਰ ਸਰਕਾਰ ਸਥਿਤੀ ਨਾਲ ਬਹੁਤ ਹੀ ਸਮਝਦਾਰੀ ਨਾਲ ਨਜਿੱਠ ਰਹੀ ਹੈ। ਇਸ ਦੌਰਾਨ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਸਾਬਕਾ ਡੀ ਜੀ ਪੀ ਦੱਤਾਤ੍ਰੇ ਪਡਸਾਲਗੀਕਰ ਨੂੰ ਮਨੀਪੁਰ ਨਸਲੀ ਹਿੰਸਾ ਦੇ ਕੇਸਾਂ ਦੀ ਜਾਂਚ ਦੀ ਨਿਗਰਾਨੀ ਕਰਨ ਲਈ ਨਿਯੁਕਤ ਕੀਤਾ ਹੈ। ਸੁਪਰੀਮ ਕੋਰਟ ਨੇ ਉਨ੍ਹਾ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਜਾਂਚ ਯੋਗ ਢੰਗ ਨਾਲ ਹੋ ਰਹੀ ਹੈ।



ਮਨੀਪੁਰ ਦੇ ਡੀ ਜੀ ਪੀ ਸੁਪਰੀਮ ਕੋਰਟ 'ਚ ਪੇਸ਼ ਹੋਣ ਜਾਂਦੇ।

# ਦੋ ਵਿਧਾਇਕਾਂ ਨੇ ਮਨੀਪੁਰ ਸਰਕਾਰ ਤੋਂ ਹਮਾਇਤ ਵਾਪਸ ਲਈ

**ਨਵੀਂ ਦਿੱਲੀ** : ਮਨੀਪੁਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਸਹਿਯੋਗੀ ਕੁੱਕੀ ਪੀਪਲਜ਼ ਅਲਾਇੰਸ (ਕੇ ਪੀ ਏ) ਨੇ ਰਾਜ 'ਚ ਚੱਲ ਰਹੀ ਨਸਲੀ ਹਿੰਸਾ ਖਿਲਾਫ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦੀ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ ਹੈ। ਰਾਜਪਾਲ ਅਨੁਸੂਈਆ ਉਈਕੇ ਨੂੰ ਭੇਜੇ ਪੱਤਰ 'ਚ ਕੇ ਪੀ ਏ, ਜਿਸ ਦੇ ਮਨੀਪੁਰ ਵਿਧਾਨ ਸਭਾ 'ਚ ਦੋ ਵਿਧਾਇਕ ਹਨ, ਨੇ ਕਿਹਾ-ਮੌਜੂਦਾ ਹਿੰਸਾ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਬੀਰੇਨ ਸਿੰਘ ਦੀ ਅਗਵਾਈ ਵਾਲੀ ਮਨੀਪੁਰ ਦੀ ਮੌਜੂਦਾ ਸਰਕਾਰ ਨੂੰ ਸਮਰਥਨ ਦੇਣਾ ਸੰਭਵ ਨਹੀਂ ਰਿਹਾ। ਕੇ ਪੀ ਏ ਸਮਰਥਨ ਵਾਪਸ ਲੈ ਰਿਹਾ ਹੈ।

ਕੇ ਪੀ ਏ ਨੇ 18 ਜੁਲਾਈ ਨੂੰ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਐੱਨ ਡੀ ਏ ਮੀਟਿੰਗ 'ਚ ਹਿੱਸਾ ਲਿਆ ਸੀ। ਕੇ ਪੀ ਏ ਦੇ ਦੋ ਵਿਧਾਇਕ, ਜਿਨ੍ਹਾਂ ਨੇ ਸਮਰਥਨ ਵਾਪਸ ਲੈ ਲਿਆ ਹੈ, ਕਿਮਨੇਓ ਹਾਓਕਿਪ ਹੈਂਗਸਿੰਗ ਅਤੇ ਚਿਨਲੁਨਥਾਂਗ ਹਨ। 60 ਮੈਂਬਰੀ ਮਨੀਪੁਰ ਵਿਧਾਨ ਸਭਾ 'ਚ ਭਾਜਪਾ ਦੇ 32 ਵਿਧਾਇਕ ਹਨ। ਸਰਕਾਰ ਨੂੰ ਨਾਗਾ ਪੀਪਲਜ਼ ਫਰੰਟ (5 ਵਿਧਾਇਕ) ਦਾ ਸਮਰਥਨ ਹੈ। ਸਦਨ 'ਚ ਨੈਸ਼ਨਲ ਪੀਪਲਜ਼ ਪਾਰਟੀ ਦੇ 7, ਜੇ ਡੀ ਯੂ ਦੇ 6 ਅਤੇ ਦੋ ਆਜ਼ਾਦ ਵਿਧਾਇਕ ਹਨ। ਭਾਜਪਾ ਦੇ 7 ਵਿਧਾਇਕਾਂ ਸਮੇਤ ਮਨੀਪੁਰ ਦੇ 10 ਵਿਧਾਇਕ ਕੁੱਕੀਆਂ ਦੇ ਪ੍ਰਭਾਵ ਵਾਲੇ ਜ਼ਿਲ੍ਹਿਆਂ ਲਈ ਵੱਖਰੇ ਪ੍ਰਸ਼ਾਸਨ ਦੀ ਮੰਗ ਕਰ ਰਹੇ ਹਨ।

# ਅੱਜ-ਨਾਮਾ

ਰਾਹੁਲ ਸੰਸਦ ਦੇ ਵਿੱਚ ਸੀ ਫੇਰ ਆਇਆ,
ਉਸ ਦੇ ਸਾਥੀਆਂ ਨੇ ਕਰਿਆ ਮਾਣ ਮੀਆਂ।
ਹਾਕਮ ਧਿਰਾਂ ਨੂੰ ਚੋਭ ਜਿਹੀ ਲਾਉਣ ਮੀਆਂ,
ਚਿੜਾਉਂਦੇ ਪੁੱਛਦੇ, ਲਾ ਲਿਆ ਤਾਣ ਮੀਆਂ।
ਜਿਹੜੀ ਕੀਤੀ ਗਈ ਰਾਹੁਲ 'ਤੇ ਕਾਰਵਾਈ,
ਝਲਕਦੀ ਦਿੱਸ ਰਹੀ ਰਾਜਸੀ ਕਾਣ ਮੀਆਂ।
ਦੁਵੱਲੀ ਚੱਲੀ ਪਈ ਜਿਹੋ ਜਿਹੀ ਖਹਿਬਾਜ਼ੀ,
ਨਿਯਮ-ਅਸੂਲ ਦਾ ਹੁੰਦਾ ਈ ਘਾਣ ਮੀਆਂ।
ਮੁੱਦੇ ਕਿਸੇ ਦੀ ਖਹਿਬੜ ਤਾਂ ਹਰਜ ਕੋਈ ਨਾ,
ਮੁੱਦਿਉਂ ਬਿਨਾਂ ਇਹ ਰਹੇ ਆ ਝਗੜ ਮੀਆਂ।
ਜਿਸ ਦੇ ਹੱਥ ਵਿੱਚ ਸੱਤਾ ਦੀ ਡੋਰ ਆਉਂਦੀ,
ਚਾਹੁੰਦਾ ਏ ਦੂਜਿਆਂ ਨੂੰ ਦੇਵਾਂ ਰਗੜ ਮੀਆਂ।

-ਤੀਸ ਮਾਰ ਖਾਂ

# ਮਾਨ ਨੇ 'ਆਪ' ਦੇ ਨਵੇਂ ਅਹੁਦੇਦਾਰਾਂ ਨੂੰ ਸਹੁੰ ਚੁਕਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਆਪ ਪੰਜਾਬ ਇਕਾਈ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਹੁੰ ਚੁਕਾਈ। ਸੋਮਵਾਰ ਚੰਡੀਗੜ੍ਹ ਸੈਕਟਰ-35 ਮਿਉਂਸਪਲ ਭਵਨ ਵਿੱਚ ਪਾਰਟੀ ਵੱਲੋਂ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਹੁੰ ਸਮਾਗਮ ਵਿੱਚ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਵਿਸ਼ੇਸ਼ ਤੌਰ ਉੱਤੇ ਪਾਰਟੀ ਦੇ ਉੱਘੇ ਨੇਤਾ ਅਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੂੰ ਸੂਬਾ ਕਾਰਜਕਾਰੀ ਪ੍ਰਧਾਨ, ਜਗਰੂਪ ਸਿੰਘ ਸੇਖਵਾਂ ਨੂੰ ਸੂਬਾ ਜਨਰਲ ਸਕੱਤਰ, ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਸੂਬਾ ਯੂਥ ਵਿੰਗ ਪ੍ਰਧਾਨ ਦੇ ਅਹੁਦੇ ਦੀ ਸਹੁੰ ਚੁਕਵਾਈ। ਉੱਥੇ ਹੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜਸਵੀਰ ਸਿੰਘ ਰਾਜਾ ਗਿੱਲ, ਜਗਦੀਪ ਸਿੰਘ ਕਾਕਾ ਬਰਾੜ ਅਤੇ ਤਰੁਣਪ੍ਰੀਤ ਸਿੰਘ ਨੂੰ ਸੂਬਾ ਉਪ-ਪ੍ਰਧਾਨ ਦੇ ਤੌਰ ਉੱਤੇ ਸਹੁੰ ਚੁਕਵਾਈ। ਸਮਾਰੋਹ ਤੋਂ ਬਾਅਦ ਮੁੱਖ ਮੰਤਰੀ ਨੇ ਸਮੂਹ ਪਾਰਟੀ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਅਤੇ ਸੂਬੇ ਵਿੱਚ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਅਗਲੀ ਚੋਣਾਂ ਨੂੰ ਲੈ ਕੇ ਪਾਰਟੀ ਦੀਆਂ ਰਣਨੀਤੀਆਂ ਉੱਤੇ ਗੰਭੀਰ ਚਰਚਾ ਕੀਤੀ । ਬੈਠਕ ਵਿੱਚ ਸੂਬਾ ਪ੍ਰਧਾਨ ਭਗਵੰਤ ਮਾਨ ਤੋਂ ਇਲਾਵਾ ਆਮ ਆਦਮੀ ਪਾਰਟੀ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੀ ਮੌਜੂਦ ਸਨ। ਬੈਠਕ ਤੋਂ ਬਾਅਦ ਮੁੱਖ ਮੰਤਰੀ ਨੇ ਪੰਜਾਬ ਇਕਾਈ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੈਨੂੰ ਪੂਰੀ ਉਮੀਦ ਹੈ ਕਿ ਸਾਡੀ ਨਵੀਂ ਟੀਮ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਸੰਗਠਨਾਤਮਕ ਤੌਰ ਉੱਤੇ ਹੋਰ ਮਜ਼ਬੂਤੀ ਪ੍ਰਦਾਨ ਕਰੇਗੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਨੂੰ ਪੰਜਾਬ ਦੇ ਘਰ-ਘਰ ਤੱਕ ਪਹੁੰਚਾਏਗੀ।



# ਨਤੀਜੇ ਦਾ ਐਲਾਨ

**ਮੁਹਾਲੀ ( ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉੱਪ ਸਕੱਤਰ ਪ੍ਰੀਖਿਆ (ਬਾਰ੍ਹਵੀਂ) ਨੇ ਦੱਸਿਆ ਕਿ ਸੀਨੀਅਰ ਸੈਕੰਡਰੀ ਪ੍ਰੀਖਿਆ ਮਾਰਚ-2023 ਦੌਰਾਨ ਜਿਨ੍ਹਾਂ ਪ੍ਰੀਖਿਆਰਥੀਆਂ ਵੱਲੋਂ ਉੱਤਰ-ਪੱਤਰੀਆਂ ਦੇ ਮੁੜ-ਮੁਲਾਂਕਣ ਲਈ ਅਪਲਾਈ ਕੀਤਾ ਸੀ, ਇਹਨਾਂ ਪ੍ਰੀਖਿਆਰਥੀਆਂ ਦਾ ਨਤੀਜਾ 7 ਅਗਸਤ (ਸੋਮਵਾਰ) ਨੂੰ ਘੋਸ਼ਿਤ ਕੀਤਾ ਗਿਆ। ਇਹ ਨਤੀਜਾ 8 ਅਗਸਤ (ਮੰਗਲਵਾਰ) ਨੂੰ ਬੋਰਡ ਵੈੱਬਸਾਈਟ www.pseb.ac.in ਅਤੇ www.indiaresult.com 'ਤੇ ਪ੍ਰੀਖਿਆਰਥੀਆਂ ਦੀ ਜਾਣਕਾਰੀ ਲਈ ਉਪਲੱਬਧ ਹੋਵੇਗਾ।

ਪ੍ਰੀਖਿਆਰਥੀਆਂ ਦੇ ਈ-ਸਰਟੀਫਿਕੇਟ ਦਫਤਰ ਵੱਲੋਂ Digilocker 'ਤੇ ਅਪਲੋਡ ਕੀਤੇ ਜਾਣਗੇ। ਇਸ ਤੋਂ ਇਲਾਵਾ ਜਿਨ੍ਹਾਂ ਪ੍ਰੀਖਿਆਰਥੀਆਂ ਵੱਲੋਂ ਸਰਟੀਫਿਕੇਟ ਦੀ ਹਾਰਡ ਕਾਪੀ ਲਈ ਪ੍ਰੀਖਿਆ ਫਾਰਮ ਵਿੱਚ ਟਿੱਕ ਕੀਤਾ ਗਿਆ ਹੋਵੇਗਾ, ਤਾਂ ਅਜਿਹੇ ਪ੍ਰੀਖਿਆਰਥੀਆਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਵੱਖਰੇ ਤੌਰ 'ਤੇ ਰਜਿਸਟਰਡ ਡਾਕ ਰਾਹੀਂ 10 ਦਿਨਾਂ ਦੇ ਅੰਦਰ-ਅੰਦਰ ਸੰਬੰਧਤ ਸਕੂਲ ਦੇ ਪਤੇ 'ਤੇ ਭੇਜੀ ਜਾਵੇਗੀ।

ਨਵਾਂ ਜ਼ਮਾਨਾ

ਮੰਗਲਵਾਰ, 8 ਅਗਸਤ 2023

# ਰੁਜ਼ਗਾਰ ਦਾ ਗੰਭੀਰ ਸੰਕਟ

*2023-24 ਦੇ ਪਹਿਲੇ ਚਾਰ ਮਹੀਨਿਆਂ (ਅਪ੍ਰੈਲ-ਜੁਲਾਈ) ਤੱਕ 9 ਕਰੋੜ 84 ਲੱਖ ਪਰਵਾਰਾਂ ਨੇ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਵਿਚ ਕੰਮ ਕੀਤਾ, ਜੋ ਪਿਛਲੇ ਸਾਲ ਦੇ ਇਨ੍ਹਾਂ ਮਹੀਨਿਆਂ ਦੀ ਤੁਲਨਾ 'ਚ ਲਗਭਗ 10 ਫੀਸਦੀ ਵੱਧ ਹੈ ਅਤੇ ਕੋਰੋਨਾ ਦੀ ਦੂਜੀ ਘਾਤਕ ਲਹਿਰ ਦੌਰਾਨ 2021 ਦੇ 9 ਕਰੋੜ 97 ਲੱਖ ਦੇ ਕਰੀਬ ਹੈ। 2021 ਤੇ 2022 ਦੇ ਕੋਰੋਨਾ ਸਾਲਾਂ ਵਿਚ ਕੰਮ ਦੀ ਮੰਗ ਵਧ ਗਈ ਸੀ, ਕਿਉਂਕਿ ਲਾਕਡਾਊਨ ਤੇ ਮਹਾਂਮਾਰੀ ਕਾਰਨ ਲੋਕ ਪਿੰਡਾਂ ਵਿਚ ਆਉਣ ਲਈ ਮਜਬੂਰ ਹੋ ਗਏ ਸਨ। ਇਸ ਯੋਜਨਾ ਤਹਿਤ ਪੇਂਡੂ ਮਜ਼ਦੂਰਾਂ ਨੂੰ ਸਾਲ ਵਿਚ 100 ਦਿਨ ਕੰਮ ਮੁਹੱਈਆ ਕਰਾਉਣਾ ਹੁੰਦਾ ਹੈ, ਹਾਲਾਂਕਿ ਅਧਿਕਾਰਤ ਅੰਕੜਿਆਂ ਮੁਤਾਬਕ ਔਸਤਨ 48 ਕੁ ਦਿਨ ਹੀ ਕੰਮ ਮਿਲਦਾ ਹੈ। ਪਿਛਲੇ ਕਈ ਸਾਲਾਂ ਤੋਂ ਇਹ 50 ਦਿਨ 'ਤੇ ਹੀ ਟਿਕਿਆ ਹੋਇਆ ਹੈ। ਔਸਤ ਮਜ਼ਦੂਰੀ ਵੀ ਥੋੜ੍ਹੀ ਬਣੀ ਹੋਈ ਹੈ। ਪਿਛਲੇ ਸਾਲ ਰੋਜ਼ਾਨਾ 217.91 ਰੁਪਏ ਸੀ ਤੇ ਉਸ ਤੋਂ ਇਕ ਸਾਲ ਪਹਿਲਾਂ 208.84 ਰੁਪਏ ਸੀ। ਲਗਭਗ 50 ਦਿਨ ਕੰਮ ਮਿਲਣ ਦੇ ਬਾਵਜੂਦ ਮਨਰੇਗਾ ਕਰੋੜਾਂ ਹਤਾਸ਼ ਪਰਵਾਰਾਂ ਲਈ ਜੀਵਨ ਰੇਖਾ ਬਣੀ ਹੋਈ ਹੈ। ਇਸ ਯੋਜਨਾ ਤਹਿਤ ਕੰਮ ਦੀ ਮੰਗ ਏਨੀ ਵੱਧ ਕਿਉਂ ਹੈ? ਇਸ ਦਾ ਮੁਢਲਾ ਕਾਰਨ ਭਾਰਤ ਦੀ ਅਰਥ ਵਿਵਸਥਾ ਦਾ ਕੰਮਕਾਜੀ ਉਮਰ ਦੀ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਦੇ ਅਸਮਰਥ ਹੋਣਾ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ ਐੱਮ ਆਈ ਈ) ਮੁਤਾਬਕ ਬੇਰੁਜ਼ਗਾਰੀ ਦਰ ਕਈ ਸਾਲਾਂ ਤੋਂ 7-9 ਫੀਸਦੀ ਦੇ ਆਸਪਾਸ ਮੰਡਰਾ ਰਹੀ ਹੈ। ਦੂਜਾ ਕਾਰਨ ਇਹ ਹੈ ਕਿ ਖੇਤੀ ਜਾਂ ਗੈਰ-ਖੇਤੀ ਨਾਲ ਸੰਬੰਧਤ ਕੰਮਾਂ ਅਤੇ ਸਵੈ-ਰੁਜ਼ਗਾਰ ਵਿਚ ਵੀ ਆਮਦਨ ਘੱਟ ਹੈ। ਸਰਕਾਰ ਸਰਕਾਰੀ ਨੌਕਰੀਆਂ ਤਾਂ ਪੈਦਾ ਕਰ ਨਹੀਂ ਰਹੀ। ਆਮਦਨ ਬਹੁਤ ਘੱਟ ਹੋਣ ਦੇ ਨਤੀਜੇ ਵਜੋਂ ਪੜ੍ਹੇ-ਲਿਖੇ ਲੋਕ ਵੀ ਮਨਰੇਗਾ ਤਹਿਤ ਕੰਮ ਮਿਲਣ 'ਤੇ ਤੁਰੰਤ ਕਰਨ ਲਈ ਤਿਆਰ ਹੋ ਜਾਂਦੇ ਹਨ, ਤਾਂ ਜੋ ਢਿੱਡ ਨੂੰ ਝੁਲਕਾ ਦੇ ਸਕਣ, ਪਰ ਸਰਕਾਰ ਨਵਉਦਾਰਵਾਦੀ ਹੱਠਧਰਮੀ ਪ੍ਰਤੀ ਆਪਣੀ ਵਿਚਾਰਕ ਪ੍ਰਤੀਬੱਧਤਾ ਕਾਰਨ ਮਨਰੇਗਾ ਲਈ ਫੰਡ ਜਿੰਨਾ ਵੀ ਵੱਧ ਤੋਂ ਵੱਧ ਹੋ ਸਕੇ, ਘਟਾ ਰਹੀ ਹੈ, ਤਾਂ ਜੋ ਪਿੰਡਾਂ ਦੇ ਲੋਕ ਰੁਜ਼ਗਾਰ ਲਈ ਸ਼ਹਿਰਾਂ ਵੱਲ ਵਹੀਰਾਂ ਘੱਤਣ ਅਤੇ ਵੱਡੇ ਕਾਰਖਾਨੇਦਾਰ ਤੇ ਬਿਲਡਰ ਉਨ੍ਹਾਂ ਤੋਂ ਘੱਟ ਉਜਰਤ 'ਤੇ ਕੰਮ ਕਰਵਾ ਸਕਣ। ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਨੇ 2023-24 ਲਈ 98 ਹਜ਼ਾਰ ਕਰੋੜ ਰੁਪਏ ਮਨਰੇਗਾ ਦਾ ਬਜਟ ਰੱਖਣ ਦੀ ਤਜਵੀਜ਼ ਦਿੱਤੀ ਸੀ, ਪਰ ਵਿੱਤ ਮੰਤਰਾਲੇ ਨੇ ਘਟਾ ਕੇ 60 ਹਜ਼ਾਰ ਕਰੋੜ ਰੁਪਏ ਕਰ ਦਿੱਤੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਨੂੰ ਭਾਰਤ ਨੂੰ ਸੰਸਾਰ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਬਣਾਉਣ ਦਾ ਸੁਫਨਾ ਦਿਖਾ ਰਹੇ ਹਨ, ਪਰ ਉਨ੍ਹਾਂ ਕਰੋੜਾਂ ਲੋਕਾਂ ਨੂੰ ਘੱਟੋ-ਘੱਟ ਉਜਰਤ 'ਤੇ ਵੀ ਰੁਜ਼ਗਾਰ ਮੁਹੱਈਆ ਨਹੀਂ ਕਰਾ ਪਾ ਰਹੇ, ਜਿਹੜੇ ਕੰਮ ਕਰਨ ਲਈ ਹਰ ਵੇਲੇ ਤਿਆਰ ਹਨ।*

# ਮੌਜੂਦਾ ਦੌਰ ਦੇ ਰੋਲ ਮਾਡਲ ਤੇ ਨੈਤਿਕ ਕਦਰਾਂ-ਕੀਮਤਾਂ



ਗੁਰਚਰਨ ਸਿੰਘ ਨੂਰਪੁਰ

ਸਮਾਂ ਅਤੇ ਸਥਾਨ ਬਦਲਣ ਨਾਲ ਨੈਤਿਕ ਕਦਰਾਂ-ਕੀਮਤਾਂ ਵੀ ਬਦਲਦੀਆਂ ਹਨ। ਜੋ ਕੁਝ ਇੱਕ ਖਿੱਤੇ ਵਿੱਚ ਨੈਤਿਕ ਹੈ ਹੋ ਸਕਦਾ ਹੈ, ਦੁਨੀਆਂ ਦੇ ਕਿਸੇ ਹੋਰ ਖਿੱਤੇ ਵਿੱਚ ਉਹ ਅਨੈਤਿਕ ਹੋਵੇ।

ਇਸ ਦੇ ਬਾਵਜੂਦ ਕੁਝ ਸਮਾਜਿਕ ਕਦਰਾਂ-ਕੀਮਤਾਂ ਹਨ, ਜੋ ਨਹੀਂ ਬਦਲਦੀਆਂ, ਜਿਵੇਂ ਦੂਜਿਆਂ ਨਾਲ ਧੋਖਾ-ਫਰੇਬ ਕਰਨਾ, ਕਿਸੇ ਨੂੰ ਵਰਗਲਾ ਕੇ ਉਸ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਨਾ, ਡਰ ਸਹਿਮ ਦਾ ਮਾਹੌਲ ਪੈਦਾ ਕਰਨਾ, ਰੱਬੀ ਸ਼ਕਤੀਆਂ ਦਾ ਦਾਅਵੇਦਾਰ ਬਣਨਾ, ਪੈਸੇ ਜਾਂ ਹਥਿਆਰਾਂ ਦਾ ਵਿਖਾਵਾ ਕਰਨਾ, ਲੋਕਾਂ ਦਾ ਆਰਥਕ ਸ਼ੋਸ਼ਣ ਕਰਨਾ ਅਦਿ ਵਰਗੇ ਕਈ ਗੈਰਨੈਤਿਕ ਵਰਤਾਰੇ ਹਨ, ਜੋ ਸਾਡੇ ਆਲੇ-ਦੁਆਲੇ ਕਿਸੇ ਨਾ ਕਿਸੇ ਰੂਪ ਵਿੱਚ ਅਕਸਰ ਵਾਪਰਦੇ ਹਨ।

ਸਦੀਆਂ ਤੋਂ ਧਰਮ-ਕਰਮ ਦੀਆਂ ਗਤੀਵਿਧੀਆਂ ਅਤੇ ਪ੍ਰਚਾਰ ਨਾਲ ਮਨੁੱਖ ਅੰਦਰ ਨੈਤਿਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ, ਪਰ ਇਸ ਵਿੱਚ ਸਫਲਤਾ ਹਾਸਲ ਨਹੀਂ ਕੀਤੀ ਜਾ ਸਕੀ। ਅੱਜ ਤੱਕ ਵੀ ਇਹ ਮੰਨਿਆ ਜਾਂਦਾ ਹੈ ਕਿ ਸ਼ਾਇਦ ਬਾਹਰੀ ਤੌਰ 'ਤੇ ਮਨੁੱਖ ਧਾਰਮਕ ਹੋ ਜਾਵੇਗਾ ਤਾਂ ਉਸ ਅੰਦਰ ਨੈਤਿਕਤਾ ਆ ਜਾਵੇਗੀ, ਪਰ ਵੱਖ-ਵੱਖ ਧਰਮ ਅਸਥਾਨਾਂ, ਡੇਰਿਆਂ, ਸੰਪਰਦਾਵਾਂ ਦੇ ਆਗੂਆਂ ਅੰਦਰ ਜਿਵੇਂ ਆਪਣੇ ਝੰਡਿਆਂ ਹੇਠ ਲੋਕਾਂ ਨੂੰ ਇਕੱਠਿਆਂ ਕਰਨ ਦੀ ਹੋੜ ਹੈ, ਕਿਵੇਂ ਰਾਜਸੀ ਆਗੂ ਉਹਨਾਂ ਤੋਂ ਵੋਟ ਦਾ ਲਾਹਾ ਲੈਣ ਲਈ ਉਹਨਾਂ ਦੇ ਚਰਨ ਪਰਸਦੇ ਹਨ, ਕਿਵੇਂ ਉਹ ਲੋਕਾਂ ਤੋਂ ਪੈਸਾ ਇਕੱਠਾ ਕਰਕੇ ਆਪਣੀਆਂ ਜਾਇਦਾਦਾਂ ਦਾ ਵਿਸਥਾਰ ਕਰ ਰਹੇ ਹਨ, ਇਹ ਸਭ ਕੁਝ ਵੇਖ ਕੇ ਲੱਗਦਾ ਹੈ ਕਿ ਇਹਨਾਂ ਗਲਿਆਰਿਆਂ ਵਿੱਚ ਨੈਤਿਕਤਾ ਬੜੀ ਦੂਰ ਦੀ ਗੱਲ ਹੈ। ਇਹੋ ਕਾਰਨ ਹੈ ਧਰਮ-ਕਰਮ ਦੇ ਪ੍ਰਪੰਚ ਰਚਣ ਨਾਲ ਵੀ ਮਨੁੱਖ ਅੰਦਰ ਨੈਤਿਕਤਾ ਦਾ ਸੰਚਾਰ ਨਹੀਂ ਹੁੰਦਾ।

ਅੱਜ ਜਿਸ ਸੋਸ਼ਲ ਮੀਡੀਆ ਦੇ ਦੌਰ ਵਿੱਚੋਂ ਅਸੀਂ ਗੁਜ਼ਰ ਰਹੇ ਹਾਂ, ਇੱਥੇ ਬੜੀ ਤੇਜ਼ੀ ਨਾਲ ਬਹੁਤ ਕੁਝ ਬਦਲ ਰਿਹਾ ਹੈ। ਤੇਜ਼ੀ ਨਾਲ ਬਦਲਦੇ ਵਰਤਾਰਿਆਂ ਵਿੱਚ ਰਾਤੋ-ਰਾਤ ਲੋਕਾਂ ਦੇ ਰੋਲ ਮਾਡਲ ਪੈਦਾ ਵੀ ਹੁੰਦੇ ਹਨ ਤੇ ਜਿੰਨੀ ਤੇਜ਼ੀ ਨਾਲ ਇਹ ਪੈਦਾ ਹੁੰਦੇ ਹਨ ਓਨੀ ਛੇਤੀ ਤਿਆਗ ਵੀ ਦਿੱਤੇ ਜਾਂਦੇ ਹਨ, ਪਰ ਸਾਨੂੰ ਆਪਣੇ ਉਹ ਰੋਲ ਮਾਡਲ ਕਦੇ ਨਹੀਂ ਭੁੱਲਣੇ ਚਾਹੀਦੇ, ਜਿਹਨਾਂ ਨੇ ਸਾਡੇ ਲਈ ਮਹਾਨ ਕੁਰਬਾਨੀਆਂ ਕੀਤੀਆਂ। ਸ਼ਹੀਦ-ਏ-ਆਜ਼ਮ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਗਦਰ ਲਹਿਰ ਦੇ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਸਾਡੇ ਲਈ ਇਹ ਮਿਸਾਲ ਹਨ ਕਿ ਇਹ ਮਹਾਨ ਕੁਰਬਾਨੀਆਂ ਧਰਮ-ਜਾਤ ਤੋਂ ਉੱਪਰ ਉਠ ਕੇ ਦੇਸ਼ ਦੇ ਦੱਬੇ-ਕੁਚਲੇ ਗੁਲਾਮੀ ਭੋਗਦੇ ਲੋਕਾਂ ਲਈ ਕੀਤੀਆਂ ਕੁਰਬਾਨੀਆਂ ਸਨ। ਇਹਨਾਂ ਮਹਾਨ ਸ਼ਹੀਦਾਂ ਦੀਆਂ ਜੇਕਰ ਜੀਵਨੀਆਂ ਪੜ੍ਹੀਏ ਤਾਂ ਪਤਾ ਚੱਲਦਾ ਹੈ ਕਿ ਕਿੰਨੇ ਜ਼ੁਲਮ-ਤਸ਼ੱਦਦ ਜਰਦਿਆਂ ਉਹਨਾਂ ਨੇ ਆਪਣੇ ਲੋਕਾਂ ਲਈ ਆਪਣੀ ਜੀਵਨ ਦੀ ਅਹੂਤੀ ਦਿੱਤੀ।

ਅਜੋਕੇ ਦੌਰ ਦੀ ਅਸ਼ਲੀਲ ਗਾਇਕੀ ਨੇ ਨਸ਼ਈਆਂ, ਵੈਲੀਆਂ, ਗੈਂਗਸਟਰਾਂ, ਕਾਤਲਾਂ, ਵਿਹਲੜਾਂ, ਲੜਾਈਆਂ ਮੁੱਲ ਲੈਣ ਵਾਲਿਆਂ, ਥਾਣਿਆਂ ਵਿੱਚ ਜਾ ਕੇ ਭੜਥੂ ਪਾਉਣ ਵਾਲਿਆਂ, ਸੋਚ-ਵਿਚਾਰ ਅਤੇ ਕਦਰਾਂ-ਕੀਮਤਾਂ ਤੋਂ ਰਹਿਤ ਲੋਕਾਂ ਨੂੰ ਰੋਲ ਮਾਡਲ ਬਣਾ ਕੇ ਸਾਡੀ ਨੌਜੁਆਨ ਪੀੜ੍ਹੀ ਅੱਗੇ ਪ੍ਰੋਸਿਆ। ਇੱਥੇ ਇੱਕ ਗੀਤ ਦਾ ਮੁਖੜਾ ਵੇਖੋ, 'ਜਿਹੜਾ ਕਰਦਾ ਸੋਚ-ਵਿਚਾਰ ਉਹ ਕਾਹਦਾ ਜੱਟ ਬਈ।' ਕਾਲਜਾਂ, ਸਕੂਲਾਂ ਦੇ ਨੌਜੁਆਨ ਲੜਕੇ/ਲੜਕੀਆਂ, ਜਿਹਨਾਂ ਨੂੰ ਜ਼ਿੰਦਗੀ ਦੀਆਂ ਉਸਾਰੂ ਕਦਰਾਂ-ਕੀਮਤਾਂ ਸਿੱਖਣ ਦੀ ਲੋੜ ਹੁੰਦੀ ਹੈ, ਅਜਿਹੇ ਅਖੌਤੀ ਗਾਇਕਾਂ ਤੋਂ ਕੀ ਸਿੱਖਿਆ ਲੈਂਦੇ ਹੋਣਗੇ? ਸਗੋਂ ਉਹਨਾਂ ਨੂੰ ਤਾਂ ਦੱਸਣ ਦੀ ਲੋੜ ਹੈ ਕਿ ਕਚਹਿਰੀਆਂ ਨੂੰ ਮੇਲੇ ਦੱਸਣ ਵਾਲੇ, ਬੰਦੂਕਾਂ, ਪਿਸਟਲਾਂ, ਜੀਪਾਂ, ਮੋਟਰ ਸਾਈਕਲਾਂ ਤੇ ਬਜ਼ਾਰਾਂ ਦੇ ਗੇੜੇ ਲਾਉਣ ਵਾਲੇ ਸਾਡੇ ਨਾਇਕ ਨਹੀਂ, ਬਲਕਿ ਸਾਡੇ ਲੋਕਨਾਇਕ ਉਹ ਹਨ, ਜਿਹਨਾਂ ਆਪਣੀ ਸਰਜ਼ਮੀਂ ਲਈ ਵੱਡੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ। ਅਜਿਹੇ ਲੋਕ ਸਾਡੇ ਨੌਜਵਾਨਾਂ ਦੇ ਰੋਲ ਮਾਡਲ ਬਣ ਰਹੇ ਹਨ, ਜਿਹਨਾਂ ਦਾ ਸਮਾਜ ਨੂੰ ਚੰਗਾ ਬਣਾਉਣ ਵਿੱਚ ਰੱਤੀ ਭਰ ਵੀ ਯੋਗਦਾਨ ਨਹੀਂ ਹੁੰਦਾ। ਲੋੜ ਇਸ ਗੱਲ ਦੀ ਹੈ ਕਿ ਸਾਡੇ ਨੌਜਵਾਨ ਚੰਗਾ ਉਸਾਰੂ ਸਾਹਿਤ ਪੜ੍ਹਨ, ਆਪਣੀ ਵਿਰਾਸਤ ਨੂੰ ਸਮਝਣ ਅਤੇ ਚੰਗੇ-ਮਾੜੇ ਦੀ ਪਹਿਚਾਣ ਕਰਨ ਦੇ ਯੋਗ ਹੋਣ। ਹਥਿਆਰਾਂ ਦਾ ਪ੍ਰਦਰਸ਼ਨ ਕਰਨ ਵਾਲੇ ਗਾਇਕ, ਗੈਂਗਸਟਰ ਅਤੇ ਅਸ਼ਲੀਲ ਡਾਇਲਾਗ ਬੋਲਣ ਵਾਲੇ ਅਦਾਕਾਰ ਸਾਡੇ ਰੋਲ ਮਾਡਲ ਨਹੀਂ ਹੋਣੇ ਚਾਹੀਦੇ। ਜੇਕਰ ਅਜਿਹਾ ਹੁੰਦਾ ਹੈ ਤਾਂ ਸਾਡੇ ਸਮਾਜ ਵਿੱਚ ਗੈਰਇਖਲਾਕੀ ਕਦਰਾਂ-ਕੀਮਤਾਂ ਦਾ ਸੰਚਾਰ ਹੋਵੇਗਾ ਅਤੇ ਸਮਾਜ ਗਿਰਾਵਟ ਵੱਲ ਜਾਵੇਗਾ। ਮਨੁੱਖ ਹੋਣ ਦੇ ਨਾਤੇ ਅਸੀਂ ਸੋਚਦੇ ਹਾਂ, ਸਾਡੇ ਵਿਚਾਰ ਸਾਡੀਆਂ ਭਾਵਨਾਵਾਂ ਤੇ ਅਸਰਅੰਦਾਜ ਹੁੰਦੇ ਹਨ ਅਤੇ ਭਾਵਨਾਵਾਂ ਸਾਡੇ ਵਿਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਜੇਕਰ ਚੰਗੇ ਕਿਰਦਾਰ ਸਾਡੇ ਰੋਲ ਮਾਡਲ ਹੋਣਗੇ ਤਾਂ ਅਸੀਂ ਆਪਣੇ ਅੰਦਰ ਚੰਗੀਆਂ ਰੁਚੀਆਂ ਦਾ ਵਿਕਾਸ ਕਰਾਂਗੇ। ਸਾਡਾ ਸਮਾਜ ਪੜ੍ਹੇ ਲਿਖੇ ਲੋਕਾਂ ਦਾ ਸਮਾਜ ਬਣੇਗਾ ਤੇ ਇੱਥੇ ਤਰਕਸੀਲ ਸੋਚ ਰੱਖਣ ਵਾਲੇ ਵਿਗਿਆਨੀ, ਸਾਹਿਤਕਾਰ ਅਤੇ ਵਿਦਵਾਨ ਪੈਦਾ ਹੋਣਗੇ।

ਵਿਗਿਆਨ ਅਤੇ ਵਿਗਿਆਨਕ ਸੋਚ ਨੇ ਸਾਨੂੰ ਹਰ ਵਰਤਾਰੇ ਦੀ ਘੋਖ-ਪੜਤਾਲ ਕਰਨ ਦੀ ਜੁਗਤ ਦੱਸੀ। ਅਸੀਂ ਹਰ ਤਰ੍ਹਾਂ ਦੇ ਵਰਤਾਰਿਆਂ ਨੂੰ ਵਿਗਿਆਨ ਦੀ ਕਸੌਟੀ ਨਾਲ ਪਰਖ ਸਕਦੇ ਹਾਂ। ਪੁਰਾਣੇ ਸਮੇਂ ਦੀਆਂ ਕੁਝ ਲੋੜਾਂ ਜਾਂ ਲੋਕ ਵਿਸ਼ਵਾਸ ਸਮਾਂ ਬੀਤਣ ਨਾਲ ਰੀਤਾਂ ਬਣ ਜਾਂਦੇ ਹਨ, ਜਿਹਨਾਂ ਦੀ ਸਮਾਜ ਨੂੰ ਕੋਈ ਲੋੜ ਨਹੀਂ ਹੁੰਦੀ, ਪਰ ਵੇਖਾ-ਵੇਖੀ ਸਾਰੇ ਅਜਿਹਾ ਕਰੀ ਜਾਂਦੇ ਹਨ। ਮਿਸਾਲ ਵਜੋਂ ਪੁਰਾਣੇ ਵੇਲਿਆਂ ਵਿੱਚ ਜਦੋਂ ਕੁੜੀ ਦੀ ਡੋਲੀ ਵਾਲਾ ਗੱਡਾ ਤੁਰਦਾ ਸੀ ਤਾਂ ਲੜਕੀ ਦੇ ਭਰਾ ਗੱਡੇ ਦੇ ਪਹੀਆਂ 'ਤੇ ਪਾਣੀਆਂ ਦੇ ਘੜੇ ਡੋਹਲ ਕੇ ਪਹੀਆਂ ਨੂੰ ਗਿੱਲਾ ਕਰਦੇ ਸਨ। ਉਹਦਾ ਮਤਲਬ ਕੇਵਲ ਇਹ ਸੀ ਕਿ ਗਰਮੀ ਵਿੱਚ ਸੁੱਕੀ ਲੱਕੜ ਭਿੱਜ ਤੇ ਫੁੱਲ ਜਾਂਦੀ ਸੀ ਤੇ ਉਸ ਦੇ ਰਸਤੇ ਵਿੱਚ ਟੁੱਟਣ ਦਾ ਡਰ ਨਹੀਂ ਰਹਿੰਦਾ ਸੀ, ਪਰ ਇਹ ਰੀਤ ਅੱਜ ਵੀ ਸਾਡੇ ਲੋਕ ਡੋਲੀ ਵਾਲੀ ਕਾਰ ਦੇ ਟਾਇਰਾਂ 'ਤੇ ਪਾਣੀ ਪਾਉਣ ਨੂੰ ਜੇਕਰ ਨੈਤਿਕਤਾ ਸਮਝਦੇ ਹਨ ਤਾਂ ਇਸ ਨੂੰ ਨੈਤਿਕਤਾ ਨਹੀਂ, ਬਲਕਿ ਬੇਸਮਝੀ ਕਿਹਾ ਜਾਵੇਗਾ। ਇਸ ਤਰ੍ਹਾਂ ਵੇਲਾ ਵਹਾ ਚੁੱਕੀਆਂ ਰੀਤਾਂ ਦੇ ਆਧਾਰ ਨੂੰ ਅਸੀਂ ਵਿਗਿਆਨਕ ਸੋਚ ਰਾਹੀਂ ਹੀ ਸਮਝ ਸਕਦੇ ਹਾਂ। ਜਿਵੇਂ ਅਕਸਰ ਕਿਹਾ ਜਾਂਦਾ ਹੈ ਪੁਰਾਣੇ ਵੇਲਿਆਂ ਵਿੱਚ ਲੋਕ ਵਧੇਰੇ ਤੰਦਰੁਸਤ ਰਹਿੰਦੇ ਸਨ ਤੇ ਲੰਮੀ ਉਮਰ ਭੋਗਦੇ ਸਨ, ਪਰ ਇਸ ਗੱਲ ਦਾ ਜੇਕਰ ਵਿਗਿਆਨਕ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਸੌ ਸਾਲ ਪਹਿਲਾਂ ਮਨੁੱਖ ਦੀ ਔਸਤ ਉਮਰ 40 ਤੋਂ 45 ਸਾਲ ਸੀ, ਪਰ ਅੱਜ ਸਾਡੇ ਦੇਸ਼ ਵਿੱਚ ਮਨੁੱਖ ਦੀ ਔਸਤ ਉਮਰ 70 ਤੋਂ 75 ਸਾਲ ਤੱਕ ਹੈ। ਕਈ ਟੀ ਬੀ ਜਿਹੀਆਂ ਭਿਆਨਕ ਬਿਮਾਰੀਆਂ ਜੋ ਪਹਿਲਾਂ ਲਾਇਲਾਜ ਸਨ, ਅੱਜ ਉਹਨਾਂ ਦਾ ਇਲਾਜ ਸੰਭਵ ਹੈ। ਪੁਰਾਣੇ ਸਮਿਆਂ ਵਿੱਚ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇਹਨਾਂ ਦੇ ਗਲਾਂ ਵਿੱਚ ਰੱਖਾਂ ਪਾਈਆਂ ਜਾਂਦੀਆਂ ਸਨ, ਪਰ ਸਮੇਂ ਦੇ ਬੀਤਣ ਅਤੇ ਵਿਗਿਆਨ ਦੇ ਪ੍ਰਸਾਰ ਨਾਲ ਇਹ ਸਭ ਕੁਝ ਖਤਮ ਹੋ ਗਿਆ।

ਅੱਜ ਅਸੀਂ ਉਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਜਿੱਥੇ ਵਿਗਿਆਨਕ ਸਾਧਨਾਂ ਦੀ ਮਦਦ ਨਾਲ ਲੋਕਾਂ ਨੂੰ ਅੰਧ-ਵਿਸ਼ਵਾਸਾਂ ਦੀ ਦਲਦਲ ਵਿੱਚ ਫਸਾਇਆ ਜਾ ਰਿਹਾ ਹੈ। ਟੀ ਵੀ ਚੈਨਲਾਂ ਅਤੇ ਵੱਖ-ਵੱਖ ਸੋਸ਼ਲ ਸਾਇਟਾਂ 'ਤੇ ਲੋਕਾਂ ਨੂੰ ਲੁੱਟਣ ਲਈ ਮੰਤਰ, ਧਾਗੇ ਤਵੀਤ, ਕਰਾਮਾਤੀ ਨਗ ਮੁੰਦਰੀਆਂ ਤੇ ਹੋਰ ਬਹੁਤ ਕੁਝ ਵੇਚਿਆ ਜਾ ਰਿਹਾ ਹੈ। ਬਹੁਤੀ ਵਾਰ ਅਜਿਹੇ ਅੰਧ-ਵਿਸ਼ਵਾਸਾਂ ਦਾ ਵਪਾਰ ਕਰਨ ਲਈ ਅਖੌਤੀ ਧਰਮ-ਕਰਮ ਦਾ ਸਹਾਰਾ ਲਿਆ ਜਾਂਦਾ ਹੈ। ਚੋਲਿਆਂ ਵਿੱਚ ਬੈਠੇ ਭੇਖਾਧਾਰੀ ਆਪਣੇ ਅੰਧਵਿਸ਼ਵਾਸ ਦੇ ਸੌਦੇ ਵੇਚਣ ਲਈ ਵੱਡੇ ਯਤਨ ਕਰ ਰਹੇ ਹਨ। ਇਹ ਹੱਦ ਦਰਜੇ ਦੀ ਅਨੈਤਿਕਤਾ ਹੈ। ਸਾਡੇ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਹਨ, ਸਮੱਸਿਆਵਾਂ ਤੇ ਸੰਕਟ ਹਨ, ਇਹਨਾਂ ਸਭ ਦੇ ਹੱਲ ਲਈ ਸਾਨੂੰ ਵਿਗਿਆਨਕ ਪਹੁੰਚ ਅਪਣਾਏ ਜਾਣ ਦੀ ਲੋੜ ਹੁੰਦੀ ਹੈ।

ਸਾਡੇ ਸਮਾਜ ਦੀ ਇਹ ਬਦਕਿਸਮਤੀ ਹੈ ਕਿ ਸਾਡੇ ਚੇਤਿਆਂ 'ਚੋਂ ਚੰਗੇ ਕਿਰਦਾਰ ਲਗਾਤਾਰ ਵਿਸਰ ਰਹੇ ਹਨ। ਜੇਕਰ ਕਦੇ ਅਸੀਂ ਮਹਾਨ ਲੋਕਾਂ ਨੂੰ ਯਾਦ ਕਰਦੇ ਵੀ ਹਾਂ ਤਾਂ ਇਹ ਸਮਾਗਮ ਸਿਰਫ ਆਪਣੀ ਹਉਮੈਂ ਨੂੰ ਪੱਠੇ ਪਾਉਣ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ। ਅਸੀਂ ਬੌਧਿਕ ਪੱਖੋਂ ਕੰਗਾਲ ਹੋ ਰਹੇ ਹਾਂ। ਇਸ ਦੇ ਕਈ ਕਾਰਨ ਹਨ। ਪੰਜਾਬੀ ਸਮਾਜ ਵਿੱਚ ਪੜ੍ਹਨ ਦੀ ਰੁਚੀ ਦਾ ਘੱਟ ਹੋਣਾ, ਟੀ ਵੀ ਚੈਨਲਾਂ, ਸੋਸ਼ਲ ਸਾਇਟਾਂ 'ਤੇ ਅੰਧਵਿਸ਼ਵਾਸੀ ਪ੍ਰੋਗਰਾਮਾਂ ਦਾ ਪ੍ਰਸਾਰਤ ਹੋਣਾ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਆਦਿ। ਬਹੁਤ ਸਾਰੇ ਪੰਜਾਬੀ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਅਖਬਾਰ ਤੱਕ ਨਹੀਂ ਪੜ੍ਹਦੇ-ਕਿਤਾਬਾਂ ਪੜ੍ਹਨੀਆਂ ਦੂਰ ਦੀ ਗੱਲ ਹੈ, ਸਾਡੇ ਲੋਕ ਮੋਬਾਇਲ 'ਤੇ ਟਿਊਨਾਂ ਲਗਵਾ ਕੇ ਜਾਂ ਫਜ਼ੂਲ ਹੀ ਕਿਸੇ ਨਾਲ ਗੱਲਾਂ ਕਰਕੇ ਦਸ ਪੰਦਰਾਂ ਰੁਪਏ ਬਰਬਾਦ ਕਰ ਦੇਣਗੇ, ਪਰ 2-3 ਰੁਪਏ ਦਾ ਅਖਬਾਰ ਖਰੀਦਣਾ ਫਜ਼ੂਲ ਖਰਚੀ ਲੱਗਦਾ ਹੈ। ਧਨਾਢ ਲੋਕ ਘਰ ਬਣਾਉਂਦਿਆਂ ਵੇਖਾ-ਵੇਖੀ ਘਰਾਂ ਵਿੱਚ ਪੂਜਾ ਰੂਮ ਤਾਂ ਬਣਾ ਲੈਣਗੇ, ਪਰ ਕਿਤਾਬਾਂ ਲਈ ਘਰਾਂ ਵਿੱਚ ਕੋਈ ਥਾਂ ਨਹੀਂ ਹੁੰਦੀ। ਲੋਕ ਦਿਖਾਵਾ ਕਰਨ, ਫੋਕੀਆਂ ਰਸਮਾਂ, ਵਿਆਹਾਂ-ਸ਼ਾਦੀਆਂ ਤੇ ਬੇਤਹਾਸ਼ਾ ਕਰਜ਼ਾ ਚੁੱਕ-ਚੁੱਕ ਕੇ ਪੈਸਾ ਲਾਉਣ, ਉੱਚੇ ਮਹਿੰਗੇ ਘਰ ਉਸਾਰਨ ਅਤੇ ਮਹਿੰਗੀਆਂ ਗੱਡੀਆਂ ਖਰੀਦਣ ਵਿੱਚ ਸਾਡੇ ਲੋਕ ਇੱਕ-ਦੂਜੇ ਤੋਂ ਵੱਧ ਕੇ ਔਖੇ ਹੋ ਕੇ ਵੀ ਪੈਸਾ ਲਾਉਣ ਲਈ ਤਿਆਰ ਰਹਿੰਦੇ ਹਨ।

ਮਨੁੱਖ ਨੇ ਵਿਗਿਆਨ ਦੀ ਰੋਸ਼ਨੀ ਵਿੱਚ ਆਪਣੇ ਆਲੇ-ਦੁਆਲੇ ਵਿੱਚ ਬਹੁਤ ਕੁਝ ਬਦਲਿਆ ਹੈ। ਪੁਰਾਣੇ ਵੇਲਿਆਂ ਵਿੱਚ ਮੁਹਾਵਰਾ ਸੀ, 'ਦਰਿਆਵਾਂ ਦੇ ਵਹਿਣ ਨਹੀਂ ਮੁੜਦੇ।' ਅਕਸਰ ਅਸੀਂ ਪੜ੍ਹਦੇ ਹਾਂ ਕਿ 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,' ਪਰ ਮਨੁੱਖ ਨੇ ਦਰਿਆਵਾਂ ਦੇ ਵਹਿਣ ਵੀ ਮੋੜੇ ਤੇ ਮਨੋਵਿਗਿਆਨ ਨੇ ਸਾਨੂੰ ਦੱਸਿਆ ਕਿ ਮਨੁੱਖ ਦੀਆਂ ਆਦਤਾਂ ਵੀ ਬਦਲ ਜਾਂਦੀਆਂ ਹਨ, ਬਲਕਿ ਸਮੇਂ ਤੇ ਸਥਾਨ ਦੇ ਬਦਲਣ ਨਾਲ ਇਹਨਾਂ ਨੇ ਬਦਲਣਾ ਹੀ ਹੁੰਦਾ ਹੈ। ਅਜਿਹੇ ਕਈ ਕਿਰਦਾਰ ਹਨ, ਜਿਹਨਾਂ ਦੀਆਂ ਜੀਵਨੀਆਂ ਪੜ੍ਹਿਆਂ ਪਤਾ ਚੱਲਦਾ ਹੈ ਕਿ ਉਹ ਪਹਿਲਾਂ ਬੁਰੀਆਂ ਆਦਤਾਂ ਦੇ ਸ਼ਿਕਾਰ ਸਨ, ਪਰ ਮਗਰੋਂ ਆਪਣੀ ਸ਼ਖਸੀਅਤ ਦਾ ਵਿਕਾਸ ਕਰਕੇ ਉਹ ਮਹਾਨ ਮਨੁੱਖ ਬਣੇ। ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਸਾਡੇ ਸਮਾਜ ਵਿੱਚ ਵਿਆਹੀ ਔਰਤ ਦਾ ਘੁੰਢ ਕੱਢਣਾ ਨੈਤਿਕਤਾ ਸੀ ਪਰ ਅੱਜ ਇਸ ਨੈਤਿਕਤਾ ਦੀ ਲੋੜ ਨਹੀਂ ਰਹੀ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਵਰਤਾਰਿਆਂ ਦੇ ਵਹਿਣ ਵਿੱਚ ਸਮੇਂ ਦੇ ਬੀਤਣ ਨਾਲ ਬਹੁਤ ਕੁਝ ਬਦਲਦਾ ਆਇਆ ਹੈ, ਬਦਲਦਾ ਰਹੇਗਾ ਅਤੇ ਬਦਲਿਆ ਜਾ ਸਕਦਾ ਹੈ।

ਸਾਡੇ ਸਮਾਜ ਨੂੰ ਅੱਜ ਸਭ ਤੋਂ ਵੱਧ ਚੰਗੇ ਇਨਸਾਨਾਂ ਦੀ ਲੋੜ ਹੈ। ਜਾਗਦੀਆਂ ਜ਼ਮੀਰਾਂ ਵਾਲੇ ਲੋਕ ਆਪਣੇ ਰੋਜ਼ਗਾਰ, ਰਾਜਨੀਤਕ ਅਤੇ ਉਸਾਰੂ ਸੱਭਿਆਚਾਰ ਦੇ ਪ੍ਰਬੰਧ ਨੂੰ ਬਿਹਤਰ ਬਣਾਉਣ ਦੇ ਵਧੇਰੇ ਸਮਰੱਥ ਹੁੰਦੇ ਹਨ। ਚੰਗੀਆਂ ਅਖਬਾਰਾਂ, ਚੰਗੀਆਂ ਕਿਤਾਬਾਂ, ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਦੀਆਂ ਲਿਖਤਾਂ ਤੋਂ ਸੇਧ ਲੈਣ ਦੀ ਲੋੜ ਹੈ। ਆਪਣੇ ਇਤਿਹਾਸ, ਵਿਰਸੇ ਦੇ ਮਹਾਨ ਲੋਕਾਂ ਦੀਆਂ ਨਿੱਗਰ ਕਦਰਾਂ-ਕੀਮਤਾਂ ਗ੍ਰਹਿਣ ਕਰਕੇ ਅਸੀਂ ਬੌਧਿਕ ਪੱਖ ਤੋਂ ਅੱਗੇ ਵਧ ਸਕਦੇ ਹਾਂ, ਨੈਤਿਕ ਕਦਰਾਂ-ਕੀਮਤਾਂ ਦੇ ਧਰਨੀ ਬਣ ਸਕਦੇ ਹਾਂ, ਦੂਜਿਆਂ ਦਾ ਸਤਿਕਾਰ ਕਰਨਾ ਅਤੇ ਉਹਨਾਂ ਤੋਂ ਆਪਣਾ ਸਤਿਕਾਰ ਕਰਾਉਣ ਦੀ ਜੁਗਤ ਸਿੱਖ ਸਕਦੇ ਹਾਂ।

**# ਸੰਪਰਕ : 98550-51099**

# ਅਪਰਾਧੀਆਂ 'ਤੇ ਠੋਸ ਸਬੂਤਾਂ ਨਾਲ ਹੀ ਕਾਨੂੰਨੀ ਕਾਰਵਾਈ ਹੋਵੇ



ਲਖਵਿੰਦਰ ਸਿੰਘ

'ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥' ਭਗਤ ਕਬੀਰ ਜੀ ਦੇ ਇਸ ਕਥਨ ਦੇ ਐਨ ਉਲਟ ਵਧੇਰੇ ਕਰਕੇ 'ਹਮ ਹੀ ਚੰਗੇ ਬੁਰਾ ਸਭ ਕੋਇ' ਅਨੁਸਾਰ ਹੀ ਵਰਤ ਰਿਹਾ ਹੈ ਜਗਤ ਵਰਤਾਰਾ। ਘਰ ਪਰਵਾਰ, ਗਲੀ-ਗੁਆਂਢ ਤੋਂ ਲੈ ਕੇ ਦੁਨੀਆ ਦੇ ਕੋਨੇ-ਕੋਨੇ ਵਿਚ ਪਏ ਪੁਆੜਿਆਂ ਦੀ ਸਭ ਤੋਂ ਵੱਡੀ ਜੜ੍ਹ ਇਹੀ ਹੈ ਕਿ 'ਮੈਂ ਸਹੀ, ਤੂੰ ਗਲਤ।'

ਭਲੀਭਾਂਤ ਇਹ ਜਾਣਦੇ ਹੋਏ ਵੀ ਕਿਸੇ ਦੂਸਰੇ ਵੱਲ ਉਂਗਲ ਕਰਨ ਵੇਲੇ ਬਾਕੀ ਦੀਆਂ ਉਂਗਲਾਂ ਆਪ-ਮੁਹਾਰੇ ਖੁਦ ਆਪਣੇ ਵੱਲ ਹੀ ਸੇਧਤ ਹੋ ਜਾਂਦੀਆਂ ਹਨ,ਤਾਂ ਵੀ ਦੂਸਰਿਆਂ ਉਤੇ ਦੋਸ਼ ਮੜ੍ਹਨ ਤੋਂ ਨਹੀਂ ਟਲਦੇ, ਸਗੋਂ ਤੀਂਗੜ-ਤੀਂਗੜ ਕੇ ਬਗੈਰ ਪੈਰ ਸਿਰ ਤੋਂ ਹਾਸੋਹੀਣੇ ਦੋਸ਼ ਮੜ੍ਹਨ ਦੀ ਆਮ ਹੀ ਪ੍ਰਵਿਰਤੀ ਬਣ ਚੁੱਕੀ ਹੈ, ਜਿਸ ਨਾਲ ਕਈ ਵਾਰ ਇਹੋ ਜਿਹਾ ਸੰਕਟ ਵੀ ਉਤਪੰਨ ਹੋ ਜਾਂਦੇ ਹਨ ਕਿ ਹੱਥਾਂ ਨਾਲ ਦਿੱਤੀਆਂ ਗੰਢਾਂ ਨੂੰ ਦੰਦਾਂ ਨਾਲ ਖੋਲ੍ਹਣ ਦੀ ਨੌਬਤ ਵੀ ਆ ਜਾਂਦੀ ਹੈ। ਯਾਨਿ ਮਾਮਲਾ ਬਹੁਤ ਹੱਦ ਤੱਕ ਵਿਗੜ ਸਕਦਾ ਹੈ। ਫਿਰ ਕੀਤੇ ਗਲਤ ਕੰਮ ਦਾ ਪਛਤਾਵਾ ਵੀ ਮਾਨਸਿਕਤਾ 'ਤੇ ਵਾਧੂ ਬੋਝ ਆਣ ਪਾਉਂਦਾ ਹੈ।

'ਉਹ ਕਿਹੜੀ ਗਲੀ, ਜਿਥੇ ਭਾਗੋ ਨਹੀਂ ਖੜੀ' ਅਨੁਸਾਰ ਬੇਮੁਹਾਰੇ ਫੁਕਰੇ ਦੋਸ਼ ਲਾਉਣ ਦੀ ਈਰਖਾ ਵੱਸ ਚੰਦਰੀ ਫਿਟਕ ਸਮਾਜ ਦੇ ਹਰ ਖੇਤਰ ਵਿੱਚ ਹੀ ਮੌਜੂਦ ਹੈ। ਭਾਵੇਂ ਕਿ ਇਸ ਚੰਦਰੀ ਫਿਟਕ ਦਾ ਘੁਣ ਕਰੀਬ ਸਭ ਲੋਕਾਈ ਦੀ ਸੋਚ ਨੂੰ ਲੱਗਾ ਹੁੰਦਾ ਹੈ, ਪਰ ਸੱਤਾ 'ਤੇ ਕਾਬਜ਼ ਬਹੁਤ ਸਾਰੇ ਸਿਆਸੀ ਆਕਾਵਾਂ ਦੀ ਸੋਚ ਨੂੰ ਇਸ ਘੁਣ ਨੇ ਕੁਝ ਜ਼ਿਆਦਾ ਹੀ ਨਿਕਾਰਾ ਕਰ ਦਿੱਤਾ ਹੋਇਆ ਜਾਪਦਾ ਹੈ ਤੇ ਸ਼ਾਇਦ ਏਸੇ ਕਰਕੇ ਉਹਨਾਂ ਸੱਤਾ ਦੀ ਲਾਠੀ (ਤਾਕਤ) ਨਾਲ ਬਹੁਤ ਸਾਰੇ ਵਿਰੋਧੀਆਂ ਨੂੰ ਸੱਚ ਝੂਠ ਦੇ ਦੋਸ਼ਾਂ ਨਾਲ ਇੱਕੋ ਰੱਸੇ ਬੰਨ੍ਹਣ ਦਾ ਝਾਜੋਂ ਰੌਲਾ ਪਾ ਕੇ ਜਨਤਾ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀਆਂ ਕੋਝੀਆਂ ਚਾਲਾਂ ਦਾ ਪੁੱਠਾ ਗੇੜਾ ਵੀ ਚਲਾਇਆ ਹੋਇਆ ਹੈ, ਪਰ ਕਿੱਲਾ ਮਜ਼ਬੂਤ (ਠੋਸ ਸਬੂਤ) ਨਾ ਹੋਣ ਜਾਂ ਫਿਰ ਸਿਆਸੀ ਅੱਖ ਮਟੱਕਿਆਂ (ਅੰਦਰਖਾਤੇ ਸਮਝੌਤਿਆਂ) ਨਾਲ ਹੋ ਰਹੀ ਕਾਨੂੰਨੀ ਕਾਰਵਾਈ ਵਿਚ ਜਾਣਬੁੱਝ ਢਿੱਲ-ਮੱਠ ਵਰਤਣੀ ਆਮ ਹੀ ਗੱਲ ਬਣ ਚੁੱਕੀ ਹੈ। ਫਿਰ ਕੇਸ ਕਮਜ਼ੋਰ ਕਰਕੇ ਬਹੁਤੇ ਸਾਰੇ ਦੋਸ਼ੀ ਅਦਾਲਤੀ ਕਾਰਵਾਈ ਤੋਂ ਆਜ਼ਾਦ ਹੋ ਕੇ ਕਾਂਵਾ-ਰੌਲੀ ਪਾਉਣੀ ਸ਼ੁਰੂ ਕਰ ਹੀ ਦਿੰਦੇ ਹਨ ਕਿ ਇਹ ਸਭ ਸਿਆਸੀ ਬਦਲਾਖੋਰੀ ਐ।

ਅਸਲ ਵਿੱਚ ਇਨ੍ਹਾਂ ਮਾਰੀਆਂ ਡੀਂਗਾਂ 'ਤੇ ਵੀ ਅਮਲ ਘੱਟ ਹੀ ਹੋਣਾ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿੱਚੋਂ ਦੁੱਧ ਧੋਤਾ ਕੋਈ ਵੀ ਨਹੀਂ ਹੁੰਦਾ। ਬੇਈਮਾਨੀ ਦੇ ਹਮਾਮ ਵਿੱਚ ਤਕਰੀਬਨ ਸਭ ਹੀ ਨੰਗੇ ਹੋਣ ਕਰਕੇ ਸਿਆਸੀ ਸੈਟਿੰਗ ਵਿਚ ਸੌਦਾ ਇੱਕੋ ਜਿਹਾ ਤਹਿ ਕਰ ਲਿਆ ਜਾਂਦਾ ਹੈ , 'ਮੈਂ ਤੈਨੂੰ ਨਹੀਂ ਛੇੜਦਾ, ਤੂੰ ਮੈਨੂੰ ਨਾ ਛੇੜੀਂ। ਬੁੱਕਲ ਵਿੱਚ ਗੁੜ ਭੋਰ ਕੇ ਛਕੀ ਛਕਾਈ ਜਾਈਏ ਤੇ ਬਾਹਰ ਤੱਤੇ-ਤੱਤੇ ਬਿਆਨ ਦੇ ਕੇ ਵਿਖਾਵਾ ਵੀ ਕਰੀ ਜਾਈਏ, ਤੂੰ ਮੇਰਾ ਜਾਨੀ ਦੁਸ਼ਮਣ ਤੇ ਮੈਂ ਤੇਰਾ।'

ਵੈਸੇ ਪੁਲਸ, ਵਿਜੀਲੈਂਸ/ਸੀ ਬੀ ਆਈ ਤੇ ਈ ਡੀ ਵਰਗੇ ਕਾਨੂੰਨ ਵਿਵਸਥਾ ਰਾਖਿਆਂ ਦੇ ਵੱਖ-ਵੱਖ ਸਰਕਾਰੀ ਅਦਾਰੇ ਵੀ ਸਥਾਪਤ ਕੀਤੇ ਹੋਏ ਨੇ, ਤਾਂ ਕਿ ਹੇਰਾਫੇਰੀ, ਭ੍ਰਿਸ਼ਟਾਚਾਰੀ ਤੇ ਹੋਰ ਗੈਰ-ਕਾਨੂੰਨੀ ਕਾਰਵਾਈਆਂ ਨੂੰ ਨੱਥ ਪਾਈ ਜਾ ਸਕੇ। ਇਹ ਤਾਂ ਹੀ ਸੰਭਵ ਹੋ ਸਕਦਾ, ਜੇ ਇਹ ਅਦਾਰੇ ਆਜ਼ਾਦ ਹੋ ਕੇ ਅਪਰਾਧ ਬਿਰਤੀ ਨੂੰ ਕਾਬੂ ਕਰਨ ਲਈ ਮੁਸਤੈਦੀ ਨਾਲ ਆਪਣੇ ਫਰਜ਼ ਅਦਾ ਕਰ ਸਕਣ। ਬਣਦੀ ਕਾਨੂੰਨੀ ਕਾਰਵਾਈ ਕਰਵਾ ਕੇ ਗਲਤ ਅਨਸਰਾਂ ਨੂੰ ਸਜ਼ਾ ਦਿਵਾ ਸਕਣ, ਪਰ ਸਿਆਸੀ ਤਾਕਤ ਦੀ ਬੇਲੋੜੀ ਦਖਲਅੰਦਾਜ਼ੀ ਕਰਕੇ ਅਜਿਹਾ ਕੁਝ ਨਹੀਂ ਹੋ ਰਿਹਾ। ਆਪਣੇ ਰਾਜਸੀ ਚੇਲੇ-ਚਾਟੜਿਆਂ ਵੱਲੋਂ ਨਿੱਤ ਚਾੜ੍ਹੇ ਜਾਂਦੇ ਘਿਨਾਉਣੇ ਚੰਦਾਂ ਨੂੰ ਦਰਕਿਨਾਰ ਕਰਵਾਉਣ ਦਾ ਪੂਰਾ ਟਿੱਲ ਲਾਇਆ ਜਾਂਦਾ ਹੈ। ਜਦ ਕਿ ਵਿਰੋਧੀਆਂ ਦੀ ਆਮ ਗਲਤੀਆਂ ਨੂੰ ਹਵਾ ਦੇ ਕੇ ਉਕਤ ਅਦਾਰਿਆਂ ਨੂੰ ਕਾਰਵਾਈ ਕਰਨ ਲਈ ਉਕਸਾਇਆ ਜਾਂਦਾ ਹੈ। ਉਧਰ ਵਿਰੋਧੀ ਕਾਨੂੰਨ ਵਿਵਸਥਾ ਅਦਾਰਿਆਂ ਉਪਰ ਸਰਕਾਰੀ ਹੱਥ-ਠੋਕੇ ਹੋਣ ਦੀਆਂ ਤੁਹਮਤਾਂ ਲਾਈ ਜਾਂਦੇ ਹਨ।

ਇਨਸਾਫ ਨੂੰ ਠੇਂਗਾ ਵਿਖਾਉਂਦਿਆਂ ਅਰਬਾਂ-ਖਰਬਾਂ ਦੇ ਚੋਰਾਂ ਦਾ ਵਾਲ ਵਿੰਗਾ ਨਹੀਂ ਹੋਣ ਦਿੱਤਾ ਜਾਂਦਾ, ਜਦ ਕਿ ਕੱਖ ਚੋਰ ਦੇ ਕੱਖ ਹੀ ਚੁਗ ਦਿੱਤੇ ਜਾਂਦੇ ਹਨ। ਸਿਆਸੀ ਵਿਰੋਧੀਆਂ ਦੀ ਕਿਰਦਾਰਕਸ਼ੀ ਕਰਨ ਲਈ ਕਾਨੂੰਨ ਵਿਵਸਥਾ ਦੇ ਰਾਖਿਆਂ ਦੇ ਅਦਾਰਿਆਂ ਦੀ ਕਾਫੀ ਹੱਦ ਤੱਕ ਹੁੰਦੀ ਦੁਰਵਰਤੋਂ ਸਮਾਜ/ ਦੇਸ਼ ਦੇ ਹਿੱਤ ਵਿੱਚ ਕਦੇ ਵੀ ਨਹੀਂ ਭੁਗਤ ਸਕਦੀ। ਗੰਢਤੁੱਪ ਕਰਕੇ ਚੋਰਾਂ ਦੀ ਪੁਸ਼ਤਪਨਾਹੀ ਕਰਦਿਆਂ ਉਨ੍ਹਾਂ ਨੂੰ ਕਹਿਣਾ ,'ਲੱਗੇ ਰਹੋ' 'ਤੇ ਰੌਲਾ ਫੜੋ-ਫੜਾਈ ਦਾ ਪਾਈ ਜਾਣਾ, ਬੇਈਮਾਨੀ ਦੀ ਇਹ ਦੋਗਲੀ ਨੀਤੀ ਦੇਸ਼ ਦਾ ਭੱਠਾ ਬਿਠਾਈ ਜਾ ਰਹੀ ਹੈ।

ਨਤੀਜੇ ਵਜੋਂ ਨਸ਼ਿਆਂ ਦੇ ਦਰਿਆ ਠਾਠਾਂ ਮਾਰ ਰਹੇ ਹਨ, ਜਿਸ ਵਿੱਚ ਨੌਜਵਾਨੀ ਡੁੱਬ ਕੇ ਗਰਕ ਹੋ ਰਹੀ। ਵਿਦੇਸ਼ਾਂ ਨੂੰ ਭੱਜਣ ਦੀ ਦੌੜ ਲੱਗੀ ਹੋਈ ਹੈ। ਭ੍ਰਿਸ਼ਟਾਚਾਰੀ, ਗੁੰਡਾਗਰਦੀ , ਦਰਿੰਦਗੀ, ਅਨੈਤਿਕਤਾ ਤੇ ਰਾਖਸ਼ ਬਿਰਤੀ ਨਾਲ ਇੱਜ਼ਤ ਆਬਰੂ ਰੋਲ ਕੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੇ ਤਾਂਡਵ ਨਾਚ ਹੋ ਰਹੇ ਨੇ।

ਜ਼ਰਾ ਸੋਚੀਏ ਕਿ ਹੁਣ ਤੱਕ ਅਪਰਾਧਿਕ ਬਿਰਤੀ ਵਾਲੇ ਧਾਕੜ ਚੋਰਾਂ /ਲੁਟੇਰਿਆਂ /ਗੈਂਗਸਟਰ/ ਦਰਿੰਦਿਆਂ ਵਿੱਚੋਂ ਕਿੰਨਿਆਂ ਕੁ ਨੂੰ ਮਿਸਾਲੀ ਸਜ਼ਾ ਹੋਈ ਹੈ, ਸਗੋਂ ਉਨ੍ਹਾਂ ਲਈ ਜੇਲ੍ਹਾਂ ਐਸ਼ੋ ਇਸ਼ਰਤ ਦੀਆਂ ਸੇਜਾਂ ਬਣੀਆਂ ਹੋਈਆਂ ਹਨ। ਉਥੋਂ ਹੀ ਮਿਲੀ-ਭੁਗਤ ਨਾਲ ਬੇਖੌਫ ਹੋ ਕੇ ਅੰਦਰ-ਬਾਹਰ ਗੁੰਡਾ ਰਾਜ ਦੀ ਕਮਾਂਡ ਵੀ ਕਰੀ ਜਾਂਦੇ ਨੇ। ਜੇ ਕਿਤੇ ਅਪਰਾਧੀਆਂ ਨੂੰ ਸਜ਼ਾ ਹੋਈ ਐ ਤਾਂ ਬਹੁਤ ਹੀ ਘੱਟ। ਧਾਕੜ ਝੱਟ ਜੇਲ੍ਹ ਪੱਟ ਬਾਹਰ ਦੇ ਨਜ਼ਾਰੇ ਲੁੱਟਦੇ ਹੋਏ 'ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ' ਨਾਹਰਿਆਂ ਨਾਲ ਜੈ-ਜੈ ਕਾਰ ਵੀ ਕਰਵਾ ਰਹੇ ਹਨ, ਆਪਣੇ ਅਖੌਤੀ ਹੀਰੋਪਣ ਨੂੰ ਹੋਰ ਹਵਾ ਦਿਵਾ ਕੇ ਲੋਕ ਨੇਤਾ ਵੀ ਬਣ ਰਹੇ ਹਨ। ਸ਼ਾਇਦ ਏਸੇ ਕਰਕੇ ਲੋਕਤੰਤਰ ਦੇ ਮੰਦਰ ਮਹਾਨ ਭਾਰਤ ਦੇ ਦੋਵਾਂ ਸਦਨਾਂ (ਲੋਕ ਸਭਾ ਤੇ ਰਾਜ ਸਭਾ ) ਵਿਚ ਤਕਰੀਬਨ ਅੱਧੀ ਫੀਸਦੀ ਤੋਂ ਲੈ ਕੇ ਪੌਣੀ ਫੀਸਦੀ ਤੱਕ ਅਪਰਾਧਿਕ ਬਿਰਤੀ ਕਾਬਜ਼ ਹੋ ਚੁੱਕੀ ਹੈ, ਤਾਂ ਫਿਰ ਇਸ ਬਿਰਤੀ ਤੋਂ ਰਾਜ ਪ੍ਰਬੰਧ ਵਿਵਸਥਾ ਵਿਚ ਕਿਸ ਸੁਧਾਰ ਦੀ ਆਸ ਰੱਖੀ ਜਾ ਸਕਦੀ ਹੈ?

ਕਾਨੂੰਨ ਦੀਆਂ ਧੱਜੀਆਂ ਉਡਾਉਣ ਵਾਲੇ ਵਰਤਾਰੇ ਕਾਨੂੰਨ ਵਿਵਸਥਾ ਦੇ ਰਾਖਿਆਂ ਦੇ ਅਦਾਰਿਆਂ ਦੀ ਕਾਰਗੁਜ਼ਾਰੀ 'ਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੰਦੇ ਹਨ। ਦਿਆਨਤਦਾਰੀ ਨਾਲ ਨਿਭਾਏ ਫਰਜ਼ਾਂ ਦਾ ਵੀ ਖਿਲੀ ਉਡਾਉਂਦੇ ਹਨ। ਗਲਤ ਅਨਸਰਾਂ ਦੀ ਕੀਤੀ ਤਹਿਕੀਕਾਤ ਸਮੇਂ ਬਗੈਰ ਠੋਸ ਸਬੂਤਾਂ ਜਾਂ ਕੱਚਘਰੜ ਸਬੂਤਾਂ ਨਾਲ ਸਿਰਫ ਸੱਤਾਧਾਰੀਆਂ ਦੇ ਡੰਡੇ ਦੇ ਦਬਾਅ ਹੇਠ ਹੀ ਧੜਾਧੜ ਚਲਾਨ ਪੇਸ਼ ਕਰ ਦਿੱਤੇ ਜਾਂਦੇ ਹਨ, ਜੋ ਕਾਨੂੰਨ ਦੀ ਅਸਲੀਅਤ ਅੱਗੇ ਝੱਟ ਹੀ ਢਹਿ-ਢੇਰੀ ਹੋ ਜਾਂਦੇ ਹਨ। ਇਸ ਤਰ੍ਹਾਂ ਬਹੁਤ ਸਾਰੇ ਦੋਸ਼ੀ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਾਫ-ਸੁਥਰੇ ਅਕਸ ਵਾਲੇ ਸਾਬਤ ਹੋਈ ਜਾ ਰਹੇ ਨੇ।

ਆਪਣੀ ਇਮਾਨਦਾਰੀ ਦਾ ਡੰਕਾ ਵਜਾਉਣ ਵਾਲੇ ਸੱਤਾਧਾਰੀਆਂ, ਏਜੰਸੀਆਂ/ਅਦਾਰਿਆਂ/ ਕਾਨੂੰਨ ਵਿਵਸਥਾ ਰਾਖਿਆਂ ਨੂੰ ਰਲ-ਮਿਲ ਕੇ ਸੋਚਣਾ ਹੋਵੇਗਾ ਕਿ ਜੇ ਉਹ ਸੱਚੀਂ-ਮੁੱਚੀਂ ਇਮਾਨਦਾਰੀ ਨਾਲ ਕੀਤੀ ਕਾਰਗੁਜ਼ਾਰੀ ਦੀ ਇੱਜ਼ਤ ਬਚਾਉਣੀ ਐ, ਇਨਸਾਫ ਦਾ ਸਿਰ ਉੱਚਾ ਕਰਨਾ ਤਾਂ ਫਿਰ ਸਿਰਫ ਸਿਆਸੀ ਵਿਰੋਧ ਕਰਕੇ ਗਰਦਾਨੇ ਜਾ ਰਹੇ ਅਖੌਤੀ ਚੋਰਾਂ ਨੂੰ ਫੜਨ ਦੀ ਥਾਂ ਅਸਲ ਚੋਰਾਂ /ਅਪਰਾਧਿਕ ਲੋਕਾਂ 'ਤੇ ਪੁਖਤਾ ਸਬੂਤਾਂ ਨਾਲ ਮਜ਼ਬੂਤ ਕਾਰਵਾਈ ਪਾਈ ਜਾਵੇ, ਤਾਂ ਕਿ ਘਿਨਾਉਣੇ ਕਾਂਡ ਕਰਨ ਵਾਲੇ ਗਲਤ ਅਨਸਰਾਂ ਨੂੰ ਸਖਤ ਤੋਂ ਸਖਤ ਢੁਕਵਾਂ ਮਿਸਾਲੀ ਦੰਡ ਮਿਲ ਸਕੇ। ਜਿਸ ਨਾਲ ਹੋਰਨਾਂ ਨੂੰ ਵੀ ਕੰਨ ਹੋ ਸਕਣ ਤੇ ਕਾਂਬਾ ਛਿੜੇ ਕਿ ਆਉਣ ਵਾਲੇ ਸਮੇਂ ਵਿੱਚ ਹਰ ਕੋਈ ਗਲਤ ਹਰਕਤ ਨੂੰ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ ਕਿ ਬੁਰੇ ਕੰਮ ਦਾ ਬੁਰਾ ਨਤੀਜਾ।

***# ਸੰਪਰਕ : 98764-74858***

# ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਅਸਲ ਵਾਰਿਸ ਸਨ ਕਾਮਰੇਡ ਮਨਜੀਤ ਸਿੰਘ ਲਾਲੀ

ਅਵਤਾਰ ਲੰਗੇਰੀ

ਵਿਰਲੇ ਮਨੁੱਖ ਹੀ ਹੁੰਦੇ ਹਨ, ਜੋ ਆਪਣਿਆਂ ਦੇ ਨਾਲ-ਨਾਲ ਦੂਜਿਆਂ ਲਈ ਵੀ ਕੁਝ ਅਜਿਹਾ ਕਰ ਗੁਜ਼ਰਦੇ ਹਨ, ਜਿਸ ਦੀਆਂ ਪੈੜਾਂ ਅਮਿੱਟ ਹੋ ਨਿੱਬੜਦੀਆਂ ਹਨ । ਕੁਝ ਅਜਿਹੀ ਹੀ ਸ਼ਖਸੀਅਤ ਦੇ ਮਾਲਕ ਸਨ ਪਿੰਡ ਲੰਗੇਰੀ ਦੇ ਲੱਗਭੱਗ ਸਤਾਈ ਵਰ੍ਹੇ ਰਹੇ ਸਰਪੰਚ, ਸਪੋਰਟਸ ਕਲੱਬ ਦੇ ਪ੍ਰਧਾਨ ਅਤੇ ਸਾਡੇ ਹਾਣੀਆਂ ਦੇ ਸਭ ਦੇ ਪਿਆਰੇ "ਲਾਲੀ ਅੰਕਲ"। ਪਿੰਡ ਲੰਗੇਰੀ ਦਾ ਕਦੇ ਨਾ ਪੂਰਿਆ ਜਾਣ ਵਾਲਾ ਖੱਪਾ ਛੱਡ ਉਹ ਸਾਥੋਂ 8 ਅਗਸਤ 2020 ਨੂੰ ਸਦਾ-ਸਦਾ ਲਈ ਵਿੱਛੜ ਗਏ । ਸ਼ਾਮ ਦੇ ਕੋਈ ਸਾਢੇ ਕੁ ਅੱਠ ਵਜੇ ਜਦ ਉਨ੍ਹਾਂ ਨੇ ਜ਼ਰਾ ਕੁ ਬੇਚੈਨੀ ਮਹਿਸੂਸ ਕੀਤੀ ਤਾਂ ਪਰਵਾਰ ਵੱਲੋਂ ਉਨ੍ਹਾਂ ਡਾਕਟਰ ਵੱਲ ਲੈ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਤਾਂ ਪਿੰਡ ਦੀ ਜੂਹ ਪਾਰ ਕਰਦਿਆਂ ਹੀ ਪਿੰਡ ਵਾਸੀਆਂ, ਮਿੱਤਰ ਪ੍ਰੇਮੀਆਂ ਅਤੇ ਸਕੇ-ਸੰਬੰਧੀਆਂ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਏ । ਉਨ੍ਹਾਂ ਦੇ ਜਾਣ ਨਾਲ ਇਲਾਕਾ ਮਾਹਿਲਪੁਰ ਦੀ ਪ੍ਰਗਤੀਸ਼ੀਲ, ਦੇਸ਼ਭਗਤ, ਤਰਕਸ਼ੀਲ ਅਤੇ ਜਮਹੂਰੀ ਲਹਿਰ ਨੂੰ ਵੀ ਇੱਕ ਵੱਡਾ ਘਾਟਾ ਪਿਆ, ਕਿਉਂਕਿ ਇੱਕ ਦੇਸ਼ ਭਗਤ ਪਰਵਾਰ ਵਿੱਚੋਂ ਹੋਣ ਕਰਕੇ ਉਹ ਹਮੇਸ਼ਾ ਹੀ ਖੱਬੀ ਵਿਚਾਰਧਾਰਾ ਦੇ ਹਮਦਰਦ ਅਤੇ ਸਹਾਇਕ ਦੇ ਤੌਰ 'ਤੇ ਵਿਚਰਦੇ ਰਹੇ ।

ਸੰਨ 1940 ਵਿੱਚ ਉਨ੍ਹਾਂ ਵੱਲੋਂ ਮਾਤਾ ਦਲੀਪ ਕੌਰ ਦੀ ਕੁੱਖੋਂ ਪਿਤਾ ਸੁਤੰਤਰਤਾ ਸੈਨਾਨੀ ਗਿਆਨੀ ਮੇਹਰ ਸਿੰਘ ਦੇ ਘਰ ਪਿੰਡ ਲੰਗੇਰੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮ ਲਿਆ। ਆਪਣੀ ਉਮਰ ਦੇ ਬਿਤਾਏ ਅੱਸੀ ਵਰ੍ਹਿਆਂ ਵਿਚ ਉਨ੍ਹਾਂ ਗਿਣਨਯੋਗ ਕਾਰਜ ਕੀਤਾ । ਆਪਣੇ ਆਖਰੀ ਸੁਆਸ ਸਮੇਂ ਤੱਕ ਵੀ ਉਹ ਪਿੰਡ ਦੇ ਸਰਪੰਚ, ਸਪੋਰਟਸ ਕਲੱਬ ਦੇ ਪ੍ਰਧਾਨ ਅਤੇ ਨਵਾਂ ਜ਼ਮਾਨਾ ਅਖ਼ਬਾਰ ਜਲੰਧਰ ਦੇ ਟਰੱਸਟੀ ਰਹੇ । ਮਨਜੀਤ ਲਾਲੀ ਨੂੰ ਉਮਰ ਭਰ ਪਿੰਡ ਲੰਗੇਰੀ ਨਾਲ ਅੰਤਾਂ ਦਾ ਮੋਹ ਰਿਹਾ ਅਤੇ ਪਿੰਡ ਵਾਸੀਆਂ ਨੂੰ ਮਨਜੀਤ ਸਿੰਘ ਲਾਲੀ 'ਤੇ ਵੱਡਾ ਮਾਣ, ਕਿਉਂਕਿ ਉਹ ਲੰਗੇਰੀ ਪਿੰਡ ਦਾ ਰੌਸ਼ਨ ਦਿਮਾਗ ਅਤੇ ਮਾਣਮੱਤਾ ਸਪੂਤ ਸੀ । ਜ਼ਿੰਦਗੀ ਜਿਊਣ ਦਾ ਸਲੀਕਾ ਅਤੇ ਕੰਮ ਪ੍ਰਤੀ ਵਫ਼ਾਦਾਰੀ ਜਿੱਥੇ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲੀ, ਉੱਥੇ ਉਹ ਭਰ ਜਵਾਨੀ ਵਿੱਚ ਇੰਗਲੈਂਡ ਵਰਗੇ ਮੁਲਕ ਵਿੱਚ ਸਖਤ ਮਿਹਨਤ ਕਰਕੇ ਕਿਰਤ ਕਰਨ ਅਤੇ ਇਨਸਾਨੀਅਤ ਦੇ ਗੁਣਾਂ ਨਾਲ ਲੈਸ ਹੋ ਕੇ ਵਤਨ ਪਰਤੇ ਸਨ।

ਮਨਜੀਤ ਲਾਲੀ 37 ਸਾਲਾਂ ਦੀ ਉਮਰੇ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਉਸ ਸਮੇਂ ਇੰਗਲੈਂਡ ਦੀ ਸਹੂਲਤਾਂ ਭਰੀ ਜ਼ਿੰਦਗੀ ਛੱਡ ਉਦੋਂ ਪਿੰਡ ਪਰਤੇ , ਜਦੋਂ ਪੰਜਾਬ ਪੂਰੀ ਤਰ੍ਹਾਂ ਅੱਤਵਾਦ ਦੀ ਭੱਠੀ ਵਿੱਚ ਝੁਲਸ ਰਿਹਾ ਸੀ । ਪਿੰਡ ਪਰਤਣ ਤੋਂ ਪਹਿਲਾਂ ਮਨਜੀਤ ਲਾਲੀ ਉੱਘੇ ਚਿੰਤਕ ਪੰਡਤ ਵਿਸ਼ਨੂੰ ਦੱਤ ਸ਼ਰਮਾ ਅਤੇ ਕਾਮਰੇਡ ਹਰਦੀਪ ਦੂੜ੍ਹੇ ਵਰਗੇ ਕਮਿਊਨਿਸਟ ਇਨਕਲਾਬੀ ਸਾਥੀਆਂ ਨੂੰ ਇੰਗਲੈਂਡ ਵਿਚ ਮਿਲ ਕੇ ਲੋਕ ਪੱਖੀ ਵਿਚਾਰਧਾਰਾ ਨੂੰ ਪ੍ਰਣਾਅ ਇੱਕ ਚਰਚਿਤ ਹਸਤੀ ਬਣ ਰਿਹਾ ਸੀ । ਹਕੂਮਤੀ ਅਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੇ ਸਾਏ ਹੇਠ ਜਦੋਂ ਪੰਜਾਬ ਕਾਲੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ ਤਾਂ ਉਸ ਵੇਲੇ 25 ਸਤੰਬਰ 1987 ਨੂੰ ਦਹਿਸ਼ਤਗਰਦਾਂ ਵੱਲੋਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਪਿੰਡ ਲੰਗੇਰੀ ਦੀ ਜੂਹ ਅੰਦਰ ਹੀ ਸ਼ਹੀਦ ਕਰ ਦਿੱਤਾ ਗਿਆ । ਦਰਸ਼ਨ ਸਿੰਘ ਕੈਨੇਡੀਅਨ ਦੇਸ਼ ਦੇ ਕਤਲ ਦੀ ਖਬਰ ਨੇ ਪੂਰੇ ਪੰਜਾਬ ਨੂੰ ਸੁੰਨ ਕਰਕੇ ਰੱਖ ਦਿੱਤਾ। ਆਪਣੇ ਮਹਿਬੂਬ ਆਗੂ ਦੇ ਕਤਲ ਤੋਂ ਬਾਅਦ ਲੋਕਾਂ ਨੇ ਬਹੁਤ ਵੱਡੇ ਮੁਜ਼ਾਹਰੇ ਅਤੇ ਰੋਸ ਮਾਰਚ ਕੀਤੇ, ਜਿਨ੍ਹਾਂ ਦੀ ਅਗਵਾਈ ਕਰਨ ਵਿੱਚ ਕਮਿਊਨਿਸਟ ਪਾਰਟੀ ਦੇ ਆਗੂਆਂ ਦੇ ਨਾਲ ਮਨਜੀਤ ਲਾਲੀ ਨੇ ਮੋਹਰੀ ਰੋਲ ਅਦਾ ਕੀਤਾ । ਉਨ੍ਹਾਂ ਦਿਨਾਂ ਵਿਚ ਖਾਲਿਸਤਾਨ ਦੇ ਖ਼ਿਲਾਫ਼ ਗੱਲ ਕਰਨਾ ਅੱਗ ਨਾਲ ਖੇਡਣ ਦੇ ਬਰਾਬਰ ਸੀ, ਪ੍ਰੰਤੂ ਮਨਜੀਤ ਲਾਲੀ ਵੱਲੋਂ ਆਪਣੇ ਜਾਨ ਦੀ ਪਰਵਾਹ ਨਾ ਕਰਦਿਆਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਯਾਦ ਵਿੱਚ ਯਾਦਗਾਰ ਦੀ ਉਸਾਰੀ ਲਈ ਇੰਗਲੈਂਡ ਅਤੇ ਕੈਨੇਡਾ ਵਰਗੇ ਦੇਸ਼ਾਂ ਦਾ ਦੌਰਾ ਕਰਕੇ ਇਨਕਲਾਬੀ ਦੋਸਤਾਂ, ਵਿਦੇਸ਼ ਵੱਸਦੇ ਪਿੰਡ ਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਨੂੰ ਮਾਇਕ ਸਹਾਇਤਾ ਦੇਣ ਦੀ ਅਪੀਲ ਕੀਤੀ । ਸਖ਼ਤ ਘਾਲਣਾ ਅਤੇ ਕਠਿਨ ਮਿਹਨਤ ਸਦਕਾ ਜਦੋਂ ਉਨ੍ਹਾਂ ਵੱਲੋਂ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਯਾਦ ਵਿੱਚ ਪਿੰਡ ਲੰਗੇਰੀ ਵਿੱਚ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਯਾਦਗਾਰੀ ਸਟੇਡੀਅਮ ਦੀ ਉਸਾਰੀ ਚੱਲ ਰਹੀ ਸੀ ਤਾਂ ਉਸ ਸਮੇਂ ਖਾਲਿਸਤਾਨੀਆਂ ਵੱਲੋਂ ਕਾਮਰੇਡ ਲਾਲੀ ਨੂੰ ਧਮਕੀਆਂ ਭਰੇ ਪੱਤਰ ਮਿਲਦੇ ਰਹੇ ਕਿ, "ਕੈਨੇਡੀਅਨ ਦੀ ਯਾਦਗਾਰ ਬਣਾਉਣ ਦੇ ਨਾਲ ਆਪਣੀ ਅਤੇ ਆਪਣੇ ਇੰਗਲੈਂਡ ਰਹਿੰਦੇ ਪੁੱਤਰ ਦੀ ਯਾਦਗਾਰ ਬਣਾਉਣ ਬਾਰੇ ਵੀ ਸੋਚ ਲੈ।" ਪਰ ਲਾਲੀ ਜੀ ਦੀ ਦੂਰਅੰਦੇਸ਼ੀ ਅਤੇ ਇਨਕਲਾਬੀ ਸੂਝ-ਬੂਝ ਸਦਕਾ ਯਾਦਗਾਰ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਅਤੇ ਉਸਾਰੀ ਗਈ ਇਸੇ ਯਾਦਗਾਰ ਉੱਤੇ ਲਗਾਤਾਰ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਬਰਸੀ ਮਨਾਈ ਜਾਂਦੀ ਰਹੀ ।



ਆਪਣੇ ਪਿਤਾ ਸਮੇਤ ਪਿੰਡ ਦੇ ਅਨੇਕਾਂ ਦੇਸ਼ ਭਗਤਾਂ ਅਤੇ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਲਾਲੀ ਜੀ ਨੇ ਕਮਿਊਨਿਸਟ ਪਾਰਟੀਆਂ ਸੰਗ ਮਿਲ ਕੇ ਇਨਕਲਾਬੀ ਕਾਰਜ ਸ਼ੁਰੂ ਕੀਤੇ । ਦੋ ਸਾਲਾਂ ਉਪਰੰਤ ਹੀ ਉਠਤਾਲੀ ਸਾਲਾਂ ਦੀ ਉਮਰੇ ਪਿੰਡ ਦੇ ਨੌਜਵਾਨ ਸਰਪੰਚ ਬਣੇ ਅਤੇ ਲਾਮਿਸਾਲ ਵਿਕਾਸ ਕਾਰਜ ਕੀਤੇ। ਪਿੰਡ ਦੀ ਸਰਪੰਚੀ ਤੋਂ ਲੈ ਕੇ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪਲਾਨਿੰਗ ਬੋਰਡ ਅਤੇ ਸਟੇਟ ਪਲਾਨਿੰਗ ਬੋਰਡ ਦੇ ਮੈਂਬਰ ਬਣ ਲੋਕਾਂ ਦੇ ਹਰਮਨ ਪਿਆਰੇ ਆਗੂ ਬਣੇ । ਉਹ ਇਕੋ ਸਮੇਂ ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ ਸਨ। ਉਹ ਵਿਲੇਜ ਲਾਈਫ਼ ਇੰਪਰੂਵਮੈਂਟ ਫਾਊਂਡੇਸ਼ਨ ਲੰਗੇਰੀ, ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਕਲੱਬ ਮਾਹਿਲਪੁਰ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ, ਪ੍ਰਧਾਨ ਸਰਪੰਚ ਯੂਨੀਅਨ ਬਲਾਕ ਮਾਹਿਲਪੁਰ, ਕੈਪਟਨ ਹਜ਼ੂਰਾ ਸਿੰਘ ਟਰੱਸਟ ਦੇ ਪ੍ਰਬੰਧਕ ਹੀ ਨਹੀਂ, ਸਗੋਂ ਉਹਨਾਂ ਵੱਲੋਂ ਲਗਾਤਾਰ ਪਿੰਡ ਸੁਧਾਰ, ਸਮਾਜ ਸੁਧਾਰ, ਵਿੱਦਿਆ ਦਾਨੀ ਅਤੇ ਖੇਡ ਪ੍ਰਮੋਟਰ ਵਜੋਂ ਵੀ ਉੱਘਾ ਹਿੱਸਾ ਪਾਇਆ। ਵਿਗਿਆਨਕ ਸੋਚ ਦੇ ਧਾਰਨੀ ਹੋਣ ਸਦਕਾ ਉਨ੍ਹਾਂ ਵੱਲੋਂ ਮਰਨ ਉਪਰੰਤ ਆਪਣਾ ਸਰੀਰ ਪੀ ਜੀ ਆਈ ਚੰਡੀਗੜ੍ਹ ਲਈ ਦਾਨ ਕੀਤਾ ਹੋਇਆ ਸੀ। ਉਹ ਕਿਹਾ ਕਰਦੇ ਸਨ ਕਿ ਅੱਜ ਵਿਗਿਆਨਕ ਯੁੱਗ ਹੈ, ਜਿਸ ਵਿੱਚ ਮਰਨ ਉਪਰੰਤ ਵੀ ਮਨੁੱਖਤਾ ਦੇ ਕੰਮ ਆਇਆ ਜਾ ਸਕਦਾ ਹੈ । ਉਹ ਨਿਧੜਕ ਅਤੇ ਬੇਬਾਕ ਬੁਲਾਰੇ ਸਨ। ਕਈ ਵਾਰ ਧਾਰਮਿਕ ਪ੍ਰੋਗਰਾਮਾਂ ਵਿਚ, ਜਿੱਥੇ ਕਿ ਮਨੁੱਖੀ ਸਰੀਰ ਨੂੰ ਕਿਹਾ ਜਾਂਦਾ ਸੀ ਕਿ, "ਐ ਮਨੁੱਖ ਤੇਰਾ ਹੱਡ ਮਾਸ ਕਿਸੇ ਵੀ ਕੰਮ ਨਹੀਂ ਆਉਣਾ, ਜਦੋਂ ਕਿ ਪਸ਼ੂਆਂ ਦੇ ਹੱਡ ਵਿਕਦੇ ਹਨ ।" ਪ੍ਰੰਤੂ ਉਹ ਆਖਦੇ ਕਿ ਅੱਜ ਇਹ ਧਾਰਨਾ ਬਿਲਕੁਲ ਬਦਲ ਚੁੱਕੀ ਹੈ "ਅੱਜ ਮਰਨ ਉਪਰੰਤ ਵੀ ਮਨੁੱਖੀ ਸਰੀਰ ਦੇ ਵੱਖ-ਵੱਖ ਅੰਗਾਂ ਨਾਲ ਕਈ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ ।" ਮੈਨੂੰ ਮੇਲਿਆਂ ਬਾਰੇ ਮਨਜੀਤ ਲਾਲੀ ਵੱਲੋਂ ਕਹੀ ਇਹ ਗੱਲ ਲਿਖਦਿਆਂ ਵੀ ਬੜਾ ਮਾਣ ਮਹਿਸੂਸ ਹੋ ਰਿਹਾ ਹੈ, ਜਿਸ ਵਿਚ ਉਹ ਹਮੇਸ਼ਾ ਕਿਹਾ ਕਰਦੇ ਸਨ ਕਿ ਸਾਡੇ ਤਾਂ ਇਹੀ ਮੇਲੇ ਹਨ, ਜਲੰਧਰ ਵਿੱਚ ਗਦਰੀ ਬਾਬਿਆਂ ਦਾ ਮੇਲਾ, ਪਿੰਡ ਵਿੱਚ ਕੈਨੇਡੀਅਨ ਸਮੇਤ ਦੇਸ਼ ਭਗਤਾਂ ਦੀ ਯਾਦ ਵਿਚ ਮਨਾਏ ਜਾਣ ਵਾਲੇ ਮੇਲੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਅਤੇ ਪੇਂਡੂ ਖੇਡ ਮੇਲੇ। ਇਹ ਇੱਕ ਅਜਿਹਾ ਮਨੋਰੰਜਨ ਹੈ, ਜਿਸ ਨਾਲ ਮਨੁੱਖ ਦਾ ਨਿਰੰਤਰ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ ਉਹ ਪਿੰਡ ਵਿੱਚ ਗਾਹੇ-ਬਗਾਹੇ ਤਰਕਸ਼ੀਲ ਇਨਕਲਾਬੀ ਗਤੀਵਿਧੀਆਂ ਅਤੇ ਚਿੰਤਨ ਦੀ ਜੋਤ ਜਗਾਈ ਰੱਖਦੇ ।

ਪਿੰਡ ਲੰਗੇਰੀ ਲਈ ਉਨ੍ਹਾਂ ਦੀ ਬੱਸ ਵੱਡੀ ਘਾਲਣਾ ਸੀ ਪਿੰਡ ਵਿੱਚ ਸੀਵਰੇਜ ਸਿਸਟਮ, ਸੋਲਰ ਲਾਈਟਾਂ, ਕੰਕਰੀਟ ਗਲੀਆਂ, ਭਾਈ ਪਿਆਰਾ ਸਿੰਘ ਗਦਰੀ ਯਾਦਗਾਰੀ ਪੇਂਡੂ ਡਿਸਪੈਂਸਰੀ ਦੇਸ਼ ਭਗਤਾਂ ਦੀ ਯਾਦ ਵਿੱਚ ਪਿੰਡ ਵਿੱਚ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਕਰਨਾ, ਅੱਠ ਏਕੜ ਵਿੱਚ ਮਿਆਰੀ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਆਧੁਨਿਕ ਸਟੇਡੀਅਮ ਤਿਆਰ ਕਰਵਾਉਣਾ, ਪਿੰਡ ਦੇ ਸ਼ਾਮਲਾਟੀ ਸਾਂਝੇ ਰਕਬੇ ਵਿੱਚ ਸੁੰਦਰ ਪਾਰਕ ਬਣਾਉਣਾ, ਹਜ਼ਾਰਾਂ ਦੀ ਗਿਣਤੀ ਵਿੱਚ ਦਰੱਖਤ ਲਗਾਉਣਾ, ਪਿੰਡ ਨੂੰ ਤਿੰਨ ਪਾਸਿਉਂ ਘੇਰਦੇ ਬਰਸਾਤੀ ਚੋਅ ਉੱਤੇ ਪੁਲ ਦੀ ਉਸਾਰੀ ਕਰਵਾਉਣ ਸਮੇਤ ਇਕ ਕਾਜ ਵੇ ਬਣਾਉਣਾ, ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਨਣ ਬਿਖੇਰਦੇ ਬੁੱਤ ਦੀ ਸਥਾਪਨਾ ਕਰਵਾਉਣਾ, ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸਮਰਪਿਤ ਪਾਰਕ ਅਤੇ ਪਿੰਡ ਭਾਰਟਾ ਤੋਂ ਗੜ੍ਹਸ਼ੰਕਰ-ਹੁਸ਼ਿਆਰਪੁਰ ਲਿੰਕ ਰੋਡ ਦੀ ਉਸਾਰੀ ਕਰਵਾ ਕੇ ਆਪਣੇ ਕਾਰਜਕਾਲ ਦੀ ਇਤਿਹਾਸਕ ਸਿਰਜਣਾ ਕੀਤੀ। ਆਪਣੇ ਕਾਰਜਕਾਲ ਵਿਚ ਉਨ੍ਹਾਂ ਵੱਲੋਂ ਸਦੀਆਂ ਤੋਂ ਵੱਖ-ਵੱਖ ਚੱਲੇ ਆ ਰਹੇ ਦਲਿਤ ਅਤੇ ਜਨਰਲ ਵਰਗ ਦੇ ਸ਼ਮਸ਼ਾਨਘਾਟ ਨੂੰ ਇੱਕ ਕਰਕੇ ਜਾਤੀ ਨਫਰਤ ਦਾ ਫਸਤਾ ਵੀ ਵੱਢਿਆ। ਉਹ ਹਮੇਸ਼ਾ ਗਰੀਬ ਗੁਰਬੇ ਦੀ ਬਾਂਹ ਫੜਦੇ ਰਹੇ । ਕਸੂਰਵਾਰ ਭਾਵੇਂ ਆਪਣਾ ਹੀ ਕਿਉਂ ਨਾ ਹੋਵੇ, ਉਸ ਨੂੰ ਝਿੜਕ ਕੇ ਇਨਸਾਫ਼ ਦਾ ਤਰਾਜ਼ੂ ਸਾਮਾਨ ਰੱਖਦੇ । ਵਾਕਿਆ ਹੀ ਉਹ ਨਿਰਪੱਖ ਕਰਮਸ਼ੀਲ ਅਤੇ ਬੇਜੋੜ ਸਰਪੰਚ ਅਤੇ ਸੰਪੂਰਨ ਮਨੁੱਖ ਸਨ।

ਉਨ੍ਹਾਂ ਵੱਲੋਂ ਕਹੀਆਂ ਗਈਆਂ ਗੱਲਾਂ ਅਤੇ ਕੀਤੇ ਗਏ ਕੰਮਾਂ ਦੀ ਲੜੀ ਬਹੁਤ ਲੰਬੀ ਹੈ । ਉਨ੍ਹਾਂ ਦੀ ਜੀਵਨਸ਼ੈਲੀ ਅਤੇ ਕੀਤੇ ਕੰਮਾਂ ਦੇ ਮੂਹਰੇ ਨਤਮਸਤਕ ਹੁੰਦਿਆਂ ਅਖੀਰ ਵਿੱਚ ਮੈਂ ਇਹੀ ਕਹਾਂਗਾ ਕਿ ਅੱਜ ਸਾਨੂੰ ਆਪਣੇ ਅੰਦਰਲਾ "ਮਨਜੀਤ ਲਾਲੀ" ਜਗਾਉਣ ਦੀ ਲੋੜ ਹੈ ਤਾਂ ਕਿ ਮਨਜੀਤ ਲਾਲੀ ਦੀ ਯਾਦ ਸਾਡੇ ਚੇਤਿਆਂ ਵਿੱਚ ਸਦੀਵੀ ਬਣ ਸਕੇ । ਪਿੰਡ ਲੰਗੇਰੀ ਅਤੇ ਲੋਕ ਹਿੱਤਾਂ ਲਈ ਜ਼ਿੰਦਗੀ ਲੇਖੇ ਲਾਉਣ ਵਾਲੇ ਮਨਜੀਤ ਲਾਲੀ ਲਈ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ।

***# ਸੰਪਰਕ : 94632-60181***

# ਕਮਿਊਨਿਟੀ ਹੈੱਲਥ ਸੈਂਟਰ 'ਚ ਸਹੂਲਤਾਂ ਦੀ ਘਾਟ ਨੂੰ ਲੈ ਕੇ ਰੋਸ ਪ੍ਰਦਰਸ਼ਨ

## ਜੇਕਰ ਮੰਗਾਂ ਨਾ ਮੰਨੀਆਂ ਤਾਂ 15 ਅਗਸਤ ਦੇ ਸਰਕਾਰੀ ਸਮਾਗਮ 'ਚ ਆਉਣ ਵਾਲੇ ਲੀਡਰਾਂ ਦਾ ਕਰਾਂਗੇ ਘਿਰਾਓ : ਆਗੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ 'ਚ ਡਾਕਟਰਾਂ, ਸਟਾਫ਼ ਤੇ ਅਧੁਨਿਕ ਮਸ਼ੀਨਰੀ ਦੀ ਘਾਟ ਪੰਜਾਬ ਸਰਕਾਰ ਵੱਲੋਂ ਪੂਰਾ ਨਾ ਕਰਨ ਦੇ ਰੋਸ ਵਜੋਂ ਅੱਜ ਹਸਪਤਾਲ ਤਾਲਮੇਲ ਕਮੇਟੀ ਵੱਲੋਂ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਸਮੂਹ ਇਨਸਾਫ਼ ਪਸੰਦ ਜਥੇਬੰਦੀਆਂ ਦੇ ਸਹਿਯੋਗ ਨਾਲ ਹਸਪਤਾਲ ਕੰਪਲੈਕਸ 'ਚ ਧਰਨਾ ਦੇ ਕੇ ਪੰਜਾਬ ਸਰਕਾਰ ਅਤੇ ਮਾੜੇ ਪ੍ਰਬੰਧਾਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਬੀ.ਕੇ.ਯੂ. ਡਕੌਂਦਾ ਦੇ ਆਗੂ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਪੂਰੀ ਤਰ੍ਹਾਂ ਭੱਜ ਚੁੱਕੀ ਹੈ। ਪਿਛਲੇ ਦਿਨੀਂ ਮਹਿਲ ਕਲਾਂ ਹਸਪਤਾਲ ਸਬੰਧੀ ਮੰਗਾਂ ਨੂੰ ਮੰਨਵਾਉਣ ਲਈ ਆਗੂਆਂ ਵੱਲੋਂ ਹਲਕਾ ਵਿਧਾਇਕ ਰਾਹੀਂ ਪੰਜਾਬ ਸਰਕਾਰ ਤੱਕ ਪਹੁੰਚ ਕੀਤੀ ਗਈ, ਪਰ ਅੱਜ ਤੱਕ ਉਨ੍ਹਾਂ ਦੇ ਕੰਨ 'ਤੇ ਜੂੰ ਨਹੀਂ ਸਰਕੀ। ਬੀ.ਕੇ.ਯੂ. ਡਕੌਂਦਾ ਦੇ ਮਲਕੀਤ ਸਿੰਘ ਈਨਾ, ਭਾਕਿਯੂ ਲੱਖੋਵਾਲ ਦੇ ਸ਼ਿੰਗਾਰਾ ਸਿੰਘ ਛੀਨੀਵਾਲ, ਭਾਕਿਯੂ ਸਿੱਧੂਪੁਰ ਦੇ ਜਗਪਾਲ ਸਿੰਘ ਸਹਿਜੜਾ, ਬੀ.ਕੇ.ਯੂ. ਕਾਦੀਆਂ ਦੇ ਗੁਰਜੀਤ ਸਿੰਘ ਜਵੰਧਾ ਨੇ ਕਿਹਾ ਕਿ ਜੇਕਰ 10 ਅਗਸਤ ਤੱਕ ਪੰਜਾਬ ਸਰਕਾਰ ਨੇ ਮਹਿਲ ਕਲਾਂ ਹਸਪਤਾਲ ਨਾਲ ਸਬੰਧਤ ਮੰਗਾਂ ਨੂੰ ਪੂਰਾ ਨਾ ਕੀਤਾ ਤਾਂ 15 ਅਗਸਤ ਨੂੰ ਮਹਿਲ ਕਲਾਂ ਵਿਖੇ ਹੋਣ ਵਾਲੇ ਸਰਕਾਰੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਆਉਣ ਵਾਲੇ ਲੀਡਰਾਂ ਦਾ ਘਿਰਾਓ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਕਿ ਜੋ ਆਜ਼ਾਦੀ ਸ਼ਹੀਦਾਂ ਨੇ ਸਾਨੂੰ ਲੈ ਕੇ ਦਿੱਤੀ ਸੀ, ਉਹ ਤਾਂ ਆਮ ਲੋਕਾਂ ਤੱਕ ਪਹੁੰਚੀ ਹੀਂ ਸਗੋਂ ਲੀਡਰਾਂ ਨੇ ਅੱਜ ਵੀ ਲੋਕਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਿਆ ਹੈ। ਮੈਂ ਪੰਜਾਬੀ ਮੰਚ ਤੇ ਲੋਕ ਅਧਿਕਾਰ ਲਹਿਰ ਦੇ ਸੂਬਾ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਪਿਛਲੇ ਦਿਨੀਂ ਲਗਾਏ ਧਰਨੇ ਤੋਂ ਬਾਅਦ ਇਥੇ ਕੁਝ ਕੁ ਡਾਕਟਰਾਂ ਦੀ ਆਰਜ਼ੀ ਡਿਊਟੀ ਲਗਾ ਕੇ ਡੰਗ ਟਪਾਇਆ ਗਿਆ, ਜਦਕਿ ਲੋਕਾਂ ਦੀ ਮੁਸ਼ਕਲਾਂ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ। ਉਨ੍ਹਾ ਕਿਹਾ ਕਿ ਜੇਕਰ ਸਰਕਾਰ ਨੇ ਮਹਿਲ ਕਲਾਂ ਹਸਪਤਾਲ ਨਾਲ ਸਬੰਧਤ ਮੰਗਾਂ ਨੂੰ ਪੂਰਾ ਨਾ ਕੀਤਾ ਤਾਂ ਸਮੂਹ ਭਰਾਤਰੀ ਜਥੇਬੰਦੀਆ ਦੇ ਸਹਿਯੋਗ ਨਾਲ 15 ਅਗਸਤ ਨੂੰ ਵੱਡਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਰੂਬਲ ਗਿੱਲ ਕੈਨੇਡਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਬਲਜਿੰਦਰ ਪ੍ਰਭੂ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਰਜ਼ ਐਸੋਸੀਏਸ਼ਨ ਦੇ ਪਾਰਸ ਮਹਿਲ ਕਲਾਂ, ਮੰਗਤ ਸਿੰਘ ਸਿੱਧੂ, ਕਰਨੈਲ ਸਿੰਘ ਗਾਂਧੀ, ਮਲਕੀਤ ਸਿੰਘ ਮੀਤਾ, ਅਮਰਜੀਤ ਸਿੰਘ ਬੱਸੀਆਂ ਵਾਲੇ, ਹਾਕਮ ਸਿੰਘ ਚੁਹਾਣਕੇ, ਡਾ: ਅਮਰਜੀਤ ਸਿੰਘ, ਕਰਮਜੀਤ ਸਿੰਘ ਉੱਪਲ, ਗੁਰਪ੍ਰੀਤ ਸਿੰਘ ਗਰੇਵਾਲ, ਬੇਅੰਤ ਸਿੰਘ ਮੂੰਮ, ਜਗਮੀਤ ਸਿੰਘ ਜੱਗਾ, ਅਮਰਜੀਤ ਸਿੰਘ ਛੀਨੀਵਾਲ, ਰਾਜਾ ਘੁੰਮਾਣ, ਰਾਮਗੜ੍ਹੀਆ ਅਕਾਲੀ ਜਥੇਬੰਦੀ ਦੇ ਮੁਕੰਦ ਸਿੰਘ ਜਗਦੇ, ਹਰਮਨਜੀਤ ਸਿੰਘ ਬੰਟੀ, ਦਰਸ਼ਨ ਸ਼ਰਮਾ ਆਦਿ ਹਾਜ਼ਰ ਸਨ। ਇਸ ਮੌਕੇ ਆਗੂਆਂ ਵੱਲੋਂ ਸਿਹਤ ਮੰਤਰੀ ਡਾ: ਬਲਬੀਰ ਸਿੰਘ ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਨਾਂਅ ਇੱਕ ਮੰਗ ਪੱਤਰ ਸੀਨੀਅਰ ਮੈਡੀਕਲ ਅਫ਼ਸਰ ਗੁਰਤੇਜਿੰਦਰ ਕੌਰ ਨੂੰ ਸੌਂਪਿਆ ਗਿਆ।

# ਹੋਮਗਾਰਡ ਜਵਾਨ ਵੱਲੋਂ ਆਤਮ-ਹੱਤਿਆ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਲੰਬੀ ਵਿੱਚ ਤਾਇਨਾਤ ਏ.ਐੱਸ.ਆਈ. ਗੁਰਪਾਲ ਸਿੰਘ ਲੰਬੀ ਦੇ ਮਾਲਖਾਨਾ ਵਿਖੇ ਬਤੌਰ ਕੇਅਰਟੇਕਰ ਕੰਮ ਕਰਦਾ ਸੀ, ਜਿਸ ਨੇ ਡਿਊਟੀ ਦੌਰਾਨ ਥਾਣੇ ਅੰਦਰ ਹੀ ਬਣੇ ਕਵਾਟਰ ਵਿੱਚ ਪੱਖੇ ਨਾਲ ਫਾਹਾ ਲੈ ਕੇ ਆਪਣੀ ਜਵਨ ਲੀਲ੍ਹਾ ਸਮਾਪਤ ਕਰ ਲਈ। ਸੂਚਨਾ ਮਿਲਦੇ ਹੀ ਪੁਲਸ ਅਧਿਕਾਰੀਆਂ ਵੱਲੋਂ ਪਰਿਵਾਰਕ ਮੈਂਬਰਾਂ ਨੂੰ ਬੁਲਾ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ ਇਕ ਸੁਸਾਈਡ ਨੋਟ ਮਿਲਿਆ, ਜਿਸ ਵਿੱਚ ਲਿਖਿਆ ਸੀ ਕਿ ਉਸ ਨਾਲ ਕੰਮ ਕਰ ਰਹੇ ਇੱਕ ਹੋਮਗਾਰਡ ਦੇ ਨੌਜਵਾਨ ਨੇ ਮਾਲਖਾਨੇ ਦਾ ਸਾਮਾਨ ਤੇ ਨਕਦੀ ਖੁਰਦ ਬੁਰਦ ਕੀਤੀ ਸੀ, ਜਿਸ ਨੂੰ ਵਾਰ ਵਾਰ ਮੰਗਣ 'ਤੇ ਉਹ ਜਮ੍ਹਾਂ ਨਹੀਂ ਕਰਵਾ ਰਿਹਾ ਸੀ, ਜਿਸ ਤੋਂ ਪ੍ਰੇਸ਼ਾਨ ਰਹਿੰਦਾ ਸੀ। ਮ੍ਰਿਤਕ ਏ.ਐੱਸ.ਆਇ. ਦੇ ਬੇਟੇ ਦੇ ਬਿਆਨਾਂ 'ਤੇ ਥਾਣਾ ਲੰਬੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਉੱਪ ਕਪਤਾਨ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕ ਏ.ਐਸ.ਆਈ. ਗੁਰਪਾਲ ਸਿੰਘ ਦੇ ਬੇਟੇ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ। ਉਨ੍ਹਾਂ ਕਿਹਾ ਕਿ ਗੁਰਜੰਟ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਵਿਅਕਤੀ ਦੀ ਮੌਤ

**ਜਗਰਾਓਂ (ਅਮਿਤ ਖੰਨਾ)**-ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਏਐੱਸਆਈ ਪ੍ਰਕਾਸ ਸਿੰਘ ਚੌਂਕੀ ਰੇਲਵੇ ਪੁਲਸ ਜਗਰਾਓਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ 9 ਵਜੇ ਦੇ ਕਰੀਬ ਲੁਧਿਆਣਾ ਤੋਂ ਫਿਰੋਜ਼ਪੁਰ ਜਾ ਰਹੀ ਪੈਸੰਜਰ ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਕਾਰਨ ਜਗਰਾਓਂ ਸਟੇਸ਼ਨ 'ਤੇ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ ਹੈ। ਲਾਸ਼ ਨੂੰ ਪਛਾਣ ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਜਗਰਾਓਂ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ। ਏ ਐੱਸ ਆਈ ਪ੍ਰਕਾਸ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਉਮਰ 40 ਤੋਂ 45 ਸਾਲ ਹੈ, ਜਿਸ ਦੇ ਨੀਲੇ ਰੰਗ ਦੀ ਟੀਮ ਸ਼ਰਟ ਕਾਲੇ ਰੰਗ ਦੀ ਲੋਅਰ ਤੇ ਪੀਲੇ ਰੰਗ ਦੇ ਬੂਟ ਪਹਿਨੇ ਹਨ।

# ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਦੇ ਦਾਅਵਿਆਂ ਦੀ ਖੁੱਲ੍ਹੀ ਪੋਲ

- ਢਾਣੀ ਬਚਨ ਸਿੰਘ ਦੇ ਹੜ੍ਹ ਪੀੜਤ ਲੋਕਾਂ ਦੀ ਸਾਰ ਲੈਣ ਲਈ ਨਹੀਂ ਪਹੁੰਚ ਸਕਿਆ ਕੋਈ ਅਧਿਕਾਰੀ
- ਲੋਕਾਂ ਨੇ ਹੜ੍ਹ ਨਾਲ ਨਸ਼ਟ ਹੋਈ ਫਸਲ ਦਾ 40 ਹਜ਼ਾਰ ਰੁਪਏ ਪ੍ਰਤੀ ਕਿੱਲਾ ਮੁਆਵਜ਼ਾ ਦੇਣ ਦੀ ਕੀਤੀ ਮੰਗ





**ਜਲਾਲਾਬਾਦ (ਜੀਤ ਕੁਮਾਰ)**-ਬੀਤੇ ਦਿਨੀਂ ਹੜ੍ਹ ਦੇ ਕਹਿਰ ਨਾਲ ਨਸ਼ਟ ਹੋਈਆਂ ਫਸਲਾਂ ਤੇ ਮਕਾਨਾਂ ਦਾ ਪੀੜਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਭਾਵੇਂ ਕਿ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਜਲਾਲਾਬਾਦ ਦੇ ਅਧੀਨ ਪੈਂਦੀ ਢਾਣੀ ਬਚਨ ਸਿੰਘ ਦੇ ਸਰਹੱਦੀ ਇਲਾਕੇ ਵਿੱਚ ਸਤਲੁਜ ਦਰਿਆ ਦੀਆਂ ਫਾਟਾਂ ਵਿੱਚ ਆਏ ਪਾਣੀ ਦੇ ਨਾਲ ਸੈਂਕੜੇ ਕਿੱਲ੍ਹੇ ਝੋਨੇ, ਹਰਾ ਚਾਰਾ ਤੇ ਹੋਰ ਫਸਲਾਂ ਬਰਬਾਦ ਹੋ ਚੁੱਕੀਆਂ ਹਨ, ਪਰ ਇਨ੍ਹਾਂ ਪ੍ਰਭਾਵਿਤ ਲੋਕਾਂ ਦੀ ਅਜੇ ਤੱਕ ਸਿਵਲ ਪ੍ਰਸ਼ਾਸਨ ਵੱਲੋਂ ਸਾਰ ਤੱਕ ਨਹੀਂ ਲਈ ਗਈ ਹੈ ਅਤੇ ਨਾ ਹੀ ਮੁਆਵਜ਼ਾ ਦੇਣ ਲਈ ਗਿਰਦਾਵਰੀ ਕਰਨ ਲਈ ਪਟਵਾਰੀ ਜਾਂ ਤਹਿਸੀਲਦਾਰ ਪਹੁੰਚਿਆ ਹੈ, ਜਿਸ ਦੇ ਚਲਦੇ ਢਾਣੀ ਬਚਨ ਸਿੰਘ ਦੇ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਸਬੰਧੀ ਰਤਨ ਲਾਲ ਪੁੱਤਰ ਚਿਮਨ ਲਾਲ ਕਾਲਾ ਸਿੰਘ ਪੁੱਤਰ ਕਾਸ਼ੀ ਸਿੰਘ, ਸੁਰੇਸ਼ ਕੁਮਾਰ ਪੁੱਤਰ ਭਜਨ ਲਾਲ, ਮਾਗ ਸਿੰਘ ਪੁੱਤਰ ਜੀਤ ਸਿੰਘ, ਕਸ਼ਮੀਰ ਸਿੰਘ ਪੁੱਤਰ ਤੇਜਾ ਸਿੰਘ, ਰੁਲੀਆ ਸਿੰਘ ਪੁੱਤਰ ਹਾਕਮ ਸਿੰਘ, ਜੀਤ ਸਿੰਘ ਬਚਨ ਸਿੰਘ, ਹੁਸ਼ਿਆਰ ਸਿੰਘ ਪੁੱਤਰ ਲਖਮੀਰ ਸਿੰਘ, ਜਗਤਾਰ ਸਿੰਘ ਪੁੱਤਰ ਸੁਰਜਨ ਸਿੰਘ, ਮੰਗਤ ਰਾਮ ਪੁੱਤਰ ਮੁਨੀਸ਼ ਸਿੰਘ ਨੇ ਮੁੱਖ ਮੰਤਰੀ ਪੰਜਾਬ ਵੱਲੋਂ ਦਾਅਵੇ ਕੀਤੇ ਗਏ ਸੀ ਕਿ ਹੜ੍ਹ ਦੇ ਨਾਲ ਭਾਵੇ ਕਿਸੇ ਦੀ ਮੁਰਗੀ ਮਰ ਜਾਣ 'ਤੇ ਨੁਕਸਾਨ ਹੋਇਆ ਹੈ, ਉਸ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਪਰ ਸਾਨੂੰ ਸਾਡੀਆਂ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਵੇ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦਾ ਝੋਨਾ ਕਰੀਬ 600 ਤੋਂ ਵੱਧ ਕਿੱਲ੍ਹੇ ਹੜ੍ਹ ਦੇ ਨਾਲ ਨਸ਼ਟ ਹੋ ਗਿਆ ਹੈ ਤੇ ਉਨ੍ਹਾਂ ਵੱਲੋਂ ਦੂਜੀ ਵਾਰ ਝੋਨਾ ਲਗਾਇਆ ਗਿਆ ਹੈ, ਪਰ ਉਹ ਵੀ ਹੜ੍ਹ ਦੇ ਨਾਲ ਖਰਾਬ ਹੋ ਗਿਆ ਹੈ, ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਵੀ ਨਸ਼ਟ ਹੋਈਆਂ ਫਸਲਾਂ ਦਾ ਮੁਆਵਜ਼ਾ ਨਹੀਂ ਮਿਲਿਆ ਹੈ, ਜਦਕਿ ਮੁੱਖ ਮੰਤਰੀ ਪੰਜਾਬ ਨੇ ਇਹ ਕਿਹਾ ਸੀ ਕਿ ਉਹ ਮੁਰਗੀ ਤੱਕ ਦਾ ਮੁਆਵਜ਼ਾ ਦੇਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਸਾਡੀ ਫਸਲ ਦਾ ਖਰਾਬਾ ਹੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਈ ਕਿਸਾਨਾਂ ਦੇ ਹੜ੍ਹ ਦੇ ਨਾਲ ਟਿਊਬਵੈੱਲ ਵੀ ਖਰਾਬ ਹੋਣ ਦਾ ਖਾਦਸ਼ਾ ਹੈ ਅਤੇ ਪਾਣੀ ਐਨਾ ਹੈ ਕਿ ਅੱਗੇ ਭਵਿੱਖ ਵਿਚ ਕੋਈ ਵੀ ਫਸਲ ਨਹੀਂ ਬੀਜੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਈ ਵੀ ਸਿਵਲ ਪ੍ਰਸ਼ਾਸਨ ਦਾ ਅਧਿਕਾਰੀ ਉਨ੍ਹਾਂ ਦੀ ਸਾਰ ਤੱਕ ਨਹੀਂ ਲੈਣ ਆਇਆ ਹੈ ਅਤੇ ਨਾ ਹੀ ਪਟਵਾਰੀ ਜਾਂ ਤਹਿਲਿਦਾਰ ਵੱਲੋਂ ਉਨ੍ਹਾਂ ਦੀਆਂ ਨਸ਼ਟ ਹੋਈਆਂ ਫਸਲ ਦਾ ਮੁਆਵਜ਼ਾ ਦੇਣ ਲਈ ਗਿਰਦਾਵਰੀ ਕਰਨ ਆਇਆ ਹੈ। ਨਾ ਹੀ ਪਸ਼ੂਆਂ ਦੇ ਲਈ ਹਰਾ ਚਾਰਾ ਇਥੇ ਪਹੁੰਚਾਇਆ ਗਿਆ ਹੈ, ਜਿਸ ਦੇ ਚਲਦੇ ਉਨ੍ਹਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਘੱਟ ਤੋਂ ਘੱਟ 40 ਤੋਂ 50 ਹਜ਼ਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ।

## ਕਾਤਰਾਂ

### ਸਾਬਕਾ ਚੇਅਰਮੈਨ ਬਿੱਟੂ ਵੱਲੋਂ ਦੁੱਖ ਦਾ ਪ੍ਰਗਟਾਵਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੰਡੀ ਬਰੀਵਾਲਾ ਵਿਖੇ ਸਾਬਕਾ ਪ੍ਰਧਾਨ ਰਜਿੰਦਰ ਕੁਮਾਰ ਗੁੰਗ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਸਪੁੱਤਰ ਕਸ਼ਿਸ਼ ਬਾਂਸਲ ਤੇ ਪਰਿਵਾਰ ਨਾਲ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਦੁੱਖ ਸਾਂਝਾ ਕੀਤਾ ਗਿਆ। ਰਜਿੰਦਰ ਕੁਮਾਰ ਗੁੰਗ ਨਮਿੱਤ ਅੰਤਿਮ ਅਰਦਾਸ 11 ਅਗਸਤ ਨੂੰ 12 ਤੋਂ 1 ਵਜੇ ਤੱਕ ਬਾਬਾ ਮੋਡਾ ਜੀ ਦੀ ਸਮਾਧ ਵਿਖੇ ਹੋਵੇਗੀ। ਇਸ ਮੌਕੇ ਜਗਵੰਤ ਸਿੰਘ ਲੰਬੀ ਢਾਬ ਸੀਨੀਅਰ ਅਕਾਲੀ ਆਗੂ, ਪੂਰਨ ਸਿੰਘ ਲੰਡੇ ਰੋਡੇ ਸੀਨੀਅਰ ਅਕਾਲੀ ਆਗੂ, ਬਲਵਿੰਦਰ ਸਿੰਘ ਬੁੱਢੀਮਾਲ, ਗੁਰਭੇਜ ਸਿੰਘ ਬਾਜਾ ਮਰਾੜ, ਬੇਅੰਤ ਸਿੰਘ ਬਿੰਨੀ ਮਨੇਸ਼ ਕੰਦੂਖੇੜਾ, ਜਸਪਾਲ ਸਿੰਘ ਪੀ ਏ ਆਦਿ ਹਾਜ਼ਰ ਸਨ।

### ਪੁਸਤਕ ਲੋਕ ਅਰਪਣ ਤੇ ਸਨਮਾਨ ਸਮਾਰੋਹ 10 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਰਿਸਰਚ ਸੈਂਟਰ ਪਟਿਆਲਾ ਤੇ ਗੁਰਮਤਿ ਲੋਕਧਾਰਾ ਵਿਚਾਰਮੰਚ ਵੱਲੋਂ ਪੰਜਾਬੀ ਸਾਹਿਤ ਸਭਾ ਸੰਗਰੂਰ ਦੇ ਸਹਿਯੋਗ ਨਾਲ ਪੁਸਤਕ ਲੋਕ ਅਰਪਣ ਤੇ ਸਨਮਾਨ ਸਮਾਰੋਹ 10 ਅਗਸਤ 2023 ਨੂੰ ਹੋਟਲ ਹਾਈਵੇਅ ਇਨ ਏਅਰਪੋਰਟ ਰੋਡ ਮੁਹਾਲੀ ਵਿੱਚ ਸ਼ਾਮ 4.00 ਵਜੇ ਕੀਤਾ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਭਗਵੰਤ ਸਿੰਘ ਨੇ ਦੱਸਿਆ ਕਿ ਪੰਜਾਬੀ ਦੇ ਲੇਖਕ ਅੰਮ੍ਰਿਤ ਅਜ਼ੀਜ਼ ਦੀ ਸਵੈਜੀਵਨੀ 'ਬੇਬਾਕੀ ਦਾ ਸਫ਼ਰ' ਲੋਕ ਅਰਪਣ ਕੀਤੀ ਜਾਵੇਗੀ ਤੇ ਉਤਕ੍ਰਿਸ਼ਟ ਵਿਦਵਾਨਾਂ ਅਤੇ ਪੱਤਰਕਾਰਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਸਮਾਰੋਹ ਦੀ ਪ੍ਰਧਾਨਗੀ ਡਾ. ਮੇਘਾ ਸਿੰਘ ਕਰਨਗੇ ਤੇ ਮੁੱਖ ਮਹਿਮਾਨ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਹੋਣਗੇ। ਇਸ ਸਮੇਂ ਹਾਜ਼ਰ ਕਵੀ ਆਪਣਾ ਕਲਾਮ ਪੇਸ਼ ਕਰਨਗੇ। ਪ੍ਰੈੱਸ ਨੂੰ ਜਾਣਕਾਰੀ ਦੇਣ ਸਮੇਂ ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਚਰਨਜੀਤ ਸਿੰਘ ਤੇ ਗੁਰਨਾਮ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਹਾਜ਼ਰ ਸਨ।

### ਚੋਰਾਂ ਨੇ ਵਰੈਟੀ ਸਟੋਰ ਦੀ ਛੱਤ 'ਚ ਲਾਇਆ ਪਾੜ, ਸਿਗਰਟਾਂ ਤੇ ਨਗਦੀ ਚੋਰੀ

**ਤਪਾ ਮੰਡੀ (ਅਰੁਣ ਗੋਇਲ)**-ਚੋਰਾਂ ਨੇ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਤਾਜੋ ਕੈਂਚੀਆਂ ਸਥਿਤ ਵਰੈਟੀ ਸਟੋਰ ਦੀ ਦੁਕਾਨ ਦੀ ਛੱਤ 'ਚ ਪਾੜ੍ਹ ਲਾ ਕੇ 20 ਹਜ਼ਾਰ ਰੁਪੈ ਦੀਆਂ ਸਿਗਰਟਾਂ ਤੇ ਹਜ਼ਾਰਾਂ ਰੁਪੈ ਦੀ ਨਗਦੀ ਚੋਰੀ ਕਰ ਲਏ ਜਾਣ ਕਾਰਨ ਦੁਕਾਨਦਾਰਾਂ 'ਚ ਭੈਅ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਰਾਕੇਸ਼ ਵਰੈਟੀ ਸਟੋਰ ਦੇ ਮਾਲਕ ਰਾਕੇਸ ਕੁਮਾਰ ਦਾ ਕਹਿਣਾ ਹੈ ਕਿ ਜਦ ਉਹ ਸਵੇਰੇ ਦੁਕਾਨ 'ਤੇ ਆਇਆ ਤਾਂ ਦੇਖਿਆ ਕਿ ਚੋਰਾਂ ਨੇ ਰਾਤ ਸਮੇਂ ਟੀਨ ਦੀ ਛੱਤ ਵੱਢ ਕੇ ਅੰਦਰ ਦਾਖਲ ਹੋ ਕੇ ਦੁਕਾਨ 'ਚੋਂ 20 ਹਜ਼ਾਰ ਰੁਪਏ ਦੀਆਂ ਸਿਗਰਟਾਂ ਤੇ ਹੋਰ ਸਾਮਾਨ ਤੋਂ ਇਲਾਵਾ 3 ਹਜ਼ਾਰ ਰੁਪਏ ਦੇ ਕਰੀਬ ਨਗਦ ਰਾਸ਼ੀ ਲੈ ਗਏ। ਇਸ ਸੰਬੰਧੀ ਦੁਕਾਨ ਮਾਲਕ ਨੇ ਗੁਆਂਢੀਆਂ ਨੂੰ ਦੱਸਿਆ ਤੇ ਉਨ੍ਹਾਂ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ ਤਾਂ ਭੋਲਾ ਸਿੰਘ ਸਹਾਇਕ ਥਾਣੇਦਾਰ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਪਹੁੰਚ ਕੇ ਜਾਇਜ਼ਾ ਲਿਆ। ਦੁਕਾਨ ਮਾਲਕ ਰਾਕੇਸ਼ ਕੁਮਾਰ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਤਿੰਨ ਵਾਰ ਚੋਰੀ ਹੋ ਗਈ ਹੈ, ਪਰ ਪੁਲਸ ਲੱਭਣ 'ਚ ਨਾਕਾਮ ਰਹੀ ਹੈ।

# ਪੈਨਸ਼ਨਰਾਂ ਵੱਲੋਂ ਪੀ ਆਰ ਟੀ ਸੀ ਮੈਨੇਜਮੈਂਟ ਖਿਲਾਫ ਰੋਸ ਰੈਲੀ ਅੱਜ

**ਪਟਿਆਲਾ (ਨ ਜ਼ ਸ)**-ਇੱਥੇ ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 8 ਜੁਲਾਈ ਨੂੰ ਪਟਿਆਲਾ ਵਿਖੇ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਵੱਲੋਂ ਅਜੇ ਤੱਕ ਸੇਵਾ ਮੁਕਤ ਕਰਮਚਾਰੀਆਂ ਦੀ ਪੈਨਸ਼ਨ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਨਾ ਪਾਏ ਜਾਣ ਦੇ ਵਿਰੋਧ ਵਿੱਚ ਪਟਿਆਲਾ ਵਿਖੇ ਰੋਸ ਰੈਲੀ ਕੀਤੀ ਜਾ ਰਹੀ ਹੈ, ਯੂਨੀਅਨ ਦੇ ਕਾਰਜਕਾਰੀ ਪ੍ਰਧਾਨ ਉੱਤਮ ਸਿੰਘ ਬਾਗੜੀ, ਜਨਰਲ ਸਕੱਤਰ ਮੁਹੰਮਦ ਖਲੀਲ ਤੇ ਡਿਪਟੀ ਜਨਰਲ ਸਕੱਤਰ ਰਮੇਸ਼ ਕੁਮਾਰ ਨੇ ਕਿਹਾ ਕਿ ਮੈਨੇਜਮੈਂਟ ਇੰਨੀ ਬੇਪ੍ਰਵਾਹ ਅਤੇ ਗੈਰ-ਸੰਜੀਦਾ ਹੋ ਚੁੱਕੀ ਹੈ ਕਿ ਉਹ ਆਪਣਾ ਇਹ ਫਰਜ਼ ਵੀ ਭੁੱਲ ਗਈ ਹੈ ਕਿ ਸੇਵਾ ਮੁਕਤ ਕਰਮਚਾਰੀਆਂ ਨੂੰ ਪੈਨਸ਼ਨ ਦਾ ਭੁਗਤਾਨ ਵੀ ਕਰਨਾ ਹੁੰਦਾ ਹੈ ਤੇ ਸਖ਼ਤ ਡਿਊਟੀਆਂ ਨਿਭਾਅ ਰਹੇ ਕੱਚੇ ਤੇ ਪੱਕੇ ਵਰਕਰਾਂ ਨੂੰ ਤਨਖਾਹ ਵੀ ਦੇਣੀ ਹੁੰਦੀ ਹੈ। ਅੱਜ 8 ਤਾਰੀਖ ਤੱਕ ਵਰਕਰਾਂ ਨੂੰ ਤਨਖਾਹ ਪੈਨਸ਼ਨ ਦੀ ਅਦਾਇਗੀ ਕਰਨ ਦੀ ਕੋਈ ਉੱਘ ਸੁੱਘ ਵੀ ਨਹੀਂ ਹੈ। ਅਫਸਰ ਬੜੇ ਅਰਾਮ ਨਾਲ ਕਹਿ ਰਹੇ ਹਨ ਕਿ ਪੈਸੇ ਨਹੀਂ ਹਨ। ਆਗੂਆਂ ਨੇ ਸਖਤ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਪੀ.ਆਰ.ਟੀ.ਸੀ. ਦੀ ਅਫਸਰਸ਼ਾਹੀ ਪੰਜਾਬ ਸਰਕਾਰ ਤੋਂ ਮੁਫਤ ਸਫਰ ਬਦਲੇ ਬਣਦੇ 300 ਕਰੋੜ ਰੁਪਏ ਵਿੱਚੋਂ ਤਨਖਾਹ ਪੈਨਸ਼ਨ ਦੇ ਭੁਗਤਾਨ ਜਿੰਨੇ ਪੈਸੇ ਵੀ ਲਿਆਉਣ ਵਿੱਚ ਬੁਰੀ ਤਰ੍ਹਾਂ ਨਿਕੰਮੀ ਸਾਬਿਤ ਹੋ ਰਹੀ ਹੈ। ਵਰਕਰਾਂ ਦੇ 70 ਕਰੋੜ ਰੁਪਏ ਦੇ ਬਕਾਏ ਲਟਕ ਰਹੇ ਹਨ। ਆਗੂਆਂ ਨੇ ਪੀ.ਆਰ.ਟੀ.ਸੀ. ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਬੁਢਾਪੇ ਵਿੱਚ ਪ੍ਰਵੇਸ਼ ਕਰ ਚੁੱਕੇ ਬਜ਼ੁਰਗ ਮੁਲਾਜ਼ਮਾਂ ਦੀ ਆਰਥਿਕ ਹਾਲਤ ਨੂੰ ਤਰਸਯੋਗ ਨਹੀਂ ਬਣਨ ਦਿੱਤਾ ਜਾਵੇਗਾ। ਜੇਕਰ ਤੁਰੰਤ ਅਦਾਇਗੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਵੱਖਰੀ ਤਰ੍ਹਾਂ ਦੇ ਸਖਤ ਸੰਘਰਸ਼ ਅਰੰਭੇ ਜਾਣਗੇ।

# ਖਾਲਸਾ ਏਡ ਦਫਤਰ 'ਤੇ ਐੱਨ ਆਈ ਏ ਦੇ ਛਾਪੇ ਨਾਲ ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋਇਆ : ਗਰੇਵਾਲ

- ਸ਼ੁਕਰਾਨਾ ਗੁਰਮਤਿ ਸਮਾਗਮ 'ਚ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ



**ਜਗਰਾਓਂ (ਅਮਿਤ ਖੰਨਾ)**

ਖਾਲਸਾ ਏਡ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਢਾਰਸ ਦੇਣ ਲਈ ਸ਼ੁਰੂ ਕੀਤੀ ਮੁਹਿੰਮ ਨੂੰ ਲੋਕਾਂ ਵੱਲੋਂ ਵੱਡਾ ਹੁੰਗਾਰਾ ਮਿਲਣ 'ਤੇ ਜਗਰਾਓਂ ਖਾਲਸਾ ਏਡ ਟੀਮ ਵੱਲੋਂ ਗੁਰੂ ਸਾਹਿਬ ਦਾ ਸ਼ੁਕਰਾਨਾ ਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਦਵਾਰਾ ਸਾਹਿਬ ਵਿਖੇ ਬੀਤੀ ਰਾਤ ਸ਼ੁਕਰਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਵੱਡੀ ਗਿਣਤੀ 'ਚ ਸੰਗਤਾਂ ਵਿੱਚ ਨੌਜਵਾਨ ਹਾਜ਼ਰ ਸਨ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਕੀਰਤ ਸਿੰਘ ਨੇ ਬਹੁਤ ਹੀ ਸੁੰਦਰ ਤੇ ਢੁੱਕਵੇਂ ਸ਼ਬਦਾਂ ਦਾ ਗਾਇਨ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਖਾਲਸਾ ਏਡ ਟੀਮ ਦੇ ਨੌਜਵਾਨਾਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਸਿੱਖਾਂ ਦੇ ਖੂਨ ਵਿੱਚ ਹੀ ਸੇਵਾ ਦਾ ਸੰਕਲਪ ਕੁੱਟ ਕੁੱਟ ਕੇ ਭਰਿਆ ਹੋਇਆ ਹੈ ਤੇ ਹਮੇਸ਼ਾ ਹੀ ਸਿੱਖ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇ ਜਾਂ ਖਾਲਸਾ ਏਡ ਜਾਂ ਹੋਰ ਸਿੱਖ ਸੰਸਥਾਵਾਂ ਦੇਸ਼ 'ਚ ਹੀ ਨਹੀਂ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਕੁਦਰਤੀ ਆਫਤਾਂ ਸਮੇਂ ਲੋਕਾਂ ਨੂੰ ਰਾਹਤ ਦੇਣ ਲਈ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ, ਇਸੇ ਕਰਕੇ ਦੁਨੀਆ ਦੇ ਵੱਡੇ ਦੇਸ਼ ਵੀ ਸਿੱਖਾਂ ਦੀ ਤਾਰੀਫ ਕਰਨੋਂ ਨਹੀਂ ਹਟਦੇ, ਪਰ ਆਪਣੇ ਦੇਸ਼ ਦੀਆਂ ਹਕੂਮਤਾਂ ਉਨ੍ਹਾਂ 'ਤੇ ਛਾਪੇ ਮਾਰ ਕੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਤਾਕ ਵਿੱਚ ਰਹਿੰਦੀਆਂ ਹਨ, ਜਿਸ ਦਾ ਜਿਉਂਦਾ ਜਾਗਦਾ ਸਬੂਤ ਹੈ ਖਾਲਸਾ ਏਡ ਦੇ ਮੁੱਖ ਦਫਤਰ ਪਟਿਆਲਾ ਵਿਖੇ ਰੇਡ ਕਰਨਾ, ਜੋ ਬਹੁਤ ਨਿੰਦਣਯੋਗ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਰੇਡਾਂ ਨਾਲ ਸਿੱਖ ਸੰਸਥਾਵਾਂ ਨੂੰ ਕੋਈ ਫਰਕ ਨਹੀਂ ਪੈਣਾ, ਪਰ ਸਰਕਾਰਾਂ ਦਾ ਸਿੱਖ ਵਿਰੋਧੀ ਚਿਹਰਾ ਜ਼ਰੂਰ ਨੰਗਾ ਹੋਇਆ ਹੈ। ਉਨ੍ਹਾਂ ਖਾਲਸਾ ਏਡ ਟੀਮ ਦੇ ਨੌਜਵਾਨਾਂ ਨੂੰ ਉਤਸ਼ਾਹਤ ਕਰਦਿਆਂ ਆਖਿਆ ਕਿ ਉਹ ਲੋਕ ਭਲਾਈ ਦੇ ਕੰਮਾਂ ਵਿੱਚ ਇਸੇ ਤਰ੍ਹਾਂ ਜੁਟੇ ਰਹਿਣ, ਕਿਉਂਕਿ ਸੇਵਾ ਕਰਨ ਦੀ ਗੁੜਤੀ ਉਨ੍ਹਾਂ ਨੂੰ ਵਿਰਸੇ ਵਿੱਚ ਮਿਲੀ ਹੈ। ਇਸ ਮੌਕੇ ਸੰਗਤਾਂ ਵਿੱਚ ਗੁਰਪ੍ਰੀਤ ਸਿੰਘ ਭਜਨਗੜ੍ਹ, ਦੀਪਇੰਦਰ ਸਿੰਘ ਭੰਡਾਰੀ, ਰਜਿੰਦਰ ਸਿੰਘ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਜਸਪਾਲ ਸਿੰਘ ਛਾਬੜਾ, ਗੁਰਦੀਪ ਸਿੰਘ ਦੂਆ, ਇਕਬਾਲ ਸਿੰਘ ਛਾਬੜਾ, ਚਰਨਜੀਤ ਸਿੰਘ, ਜਤਵਿੰਦਰ ਪਾਲ ਸਿੰਘ ਜੇ ਪੀ, ਗੁਰਮੀਤ ਸਿੰਘ ਬਿੰਦਰਾ, ਪ੍ਰਿਤਪਾਲ ਸਿੰਘ ਲੱਕੀ, ਅਵਤਾਰ ਸਿੰਘ ਮਿਗਲਾਨੀ ਤੇ ਖਾਲਸਾ ਏਡ ਟੀਮ ਜਗਰਾਉਂ ਦੇ ਨੌਜਵਾਨ ਹਾਜ਼ਰ ਸਨ।

# ਨਸ਼ਾ ਛੁਡਾਓ ਮੁਲਾਜ਼ਮ ਯੂਨੀਅਨ ਵੱਲੋਂ 15 ਅਗਸਤ ਨੂੰ ਗੁਲਾਮੀ ਦਿਵਸ ਵਜੋਂ ਮਨਾਉਣ ਦਾ ਫੈਸਲਾ

**ਕੋਟ ਈਸੇ ਖਾਂ (ਅਰੋੜਾ)**-ਨਸ਼ਾ ਛੁਡਾਓ ਮੁਲਾਜ਼ਮ ਯੂਨੀਅਨ ਵੱਲੋਂ 15 ਅਗਸਤ ਨੂੰ ਗੁਲਾਮੀ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਨੇ ਮੀਡੀਆ ਨੂੰ ਦਿੱਤੀ। ਉਨ੍ਹਾ ਕਿਹਾ ਕਿ ਇਹ ਫੈਸਲਾ ਸਾਨੂੰ ਮਜਬੂਰੀ ਵਜੋਂ ਲੈਣਾ ਪਿਆ ਹੈ, ਕਿਉਂਕਿ ਸਰਕਾਰਾਂ ਨੇ ਪਿਛਲੇ ਕਾਫੀ ਲੰਮੇ ਸਮੇਂ ਤੋਂ ਮੁਲਾਜ਼ਮਾਂ ਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ ਤੇ ਕਿਸੇ ਵੀ ਤਰ੍ਹਾਂ ਦੀ ਕੋਈ ਸੁਣਵਾਈ ਸਾਡੇ ਕਰਮਚਾਰੀਆਂ ਦੀ ਨਹੀਂ ਹੋ ਰਹੀ। ਦੱਸਣਯੋਗ ਹੈ ਕਿ ਸਾਲ 2014 ਤੋਂ ਨਸ਼ਾ ਛੁਡਾਓ ਮੁਲਾਜ਼ਮ ਯੂਨੀਅਨ (ਰਜਿ.) ਪੰਜਾਬ ਦੇ ਕਰਮਚਾਰੀ ਨੌਜਵਾਨਾਂ ਨੂੰ ਤੰਦਰੁਸਤ ਬਣਾਉਣ ਤੇ ਨਸ਼ੇ ਤੋਂ ਮੁਕਤ ਕਰਨ ਲਈ ਨਿਰਗੁਣੀਆਂ ਤਨਖਾਹਾਂ 'ਤੇ ਦਿਨ-ਰਾਤ ਕਾਫੀ ਮਿਹਨਤ ਕਰ ਰਹੇ ਹਨ ਤੇ ਪੰਜਾਬ ਸਰਕਾਰ ਇਨ੍ਹਾਂ ਮੁਲਾਜ਼ਮਾਂ ਦਾ ਘੱਟ ਤਨਖਾਹਾਂ ਦੇ ਕੇ ਸ਼ੋਸ਼ਣ ਕਰ ਰਹੀ ਹੈ, ਜਦਕਿ ਸਰਕਾਰ ਦੇ ਚੋਣ-ਮਨੋਰਥ ਪੱਤਰ ਵਿੱਚ ਮੁਲਾਜ਼ਮਾਂ ਨੂੰ ਪੱਕਾ ਕਰਨ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਮੁੱਖ ਮੁੱਦਾ ਸੀ।

ਚੋਣ-ਮਨੋਰਥ ਪੱਤਰ ਦੇ ਵਾਅਦਿਆਂ ਦੇ ਅਨੁਸਾਰ ਸਰਕਾਰ ਮੁੱਕਰਦੀ ਨਜ਼ਰ ਆ ਰਿਹਾ ਹੈ। ਸੂਬਾ ਮੀਤ ਪ੍ਰਧਾਨ ਕਰਨਵੀਰ ਸਿੰਘ ਨੇ ਦੱਸਿਆ ਕਿ ਪਿਛਲੇ 6 ਮਹੀਨਿਆਂ 'ਚ ਸ੍ਰ. ਚੇਤਨ ਸਿੰਘ ਜੌੜਾਮਾਜਰਾ ਮਾਣਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ, ਡਾ. ਬਲਵੀਰ ਸਿੰਘ ਮਾਣਯੋਗ ਕੈਬਨਿਟ ਮੰਤਰੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਕੈਬਨਿਟ ਸਬ ਕਮੇਟੀ ਦੇ ਹਰਪਾਲ ਚੀਮਾ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਸ੍ਰੀ ਵਿਵੇਕ ਪ੍ਰਤਾਪ, ਸ਼੍ਰੀ ਮੀਤ ਹੇਅਰ ਮਾਣਯੋਗ ਕੈਬਨਿਟ ਮੰਤਰੀ ਅਤੇ ਡਾਕਟਰ ਗੁਰਪ੍ਰੀਤ ਕੌਰ ਧਰਮ ਪਤਨੀ ਸ੍ਰ. ਭਗਵੰਤ ਸਿੰਘ ਮਾਨ ਨਾਲ ਕਈ ਮੀਟਿੰਗਾਂ ਹੋਈਆਂ, ਜੋ ਬੇਸਿੱਟਾ ਰਹੀਆਂ ਹਨ ਅਤੇ ਪਿਛਲੀਆਂ ਸਰਕਾਰਾਂ ਵਾਂਗ ਸਿਰਫ ਦਿਲਾਸੇ ਹੀ ਦਿੱਤੇ ਹਨ। ਉਨ੍ਹਾ ਕਿਹਾ ਕਿ ਦਫਤਰ ਮੁੱਖ ਮੰਤਰੀ ਪੰਜਾਬ ਵੱਲੋਂ ਸਾਨੂੰ ਦੋ ਵਾਰ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ, ਪਰ ਦੋਵੇਂ ਵਾਰ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਅਤੇ ਮੁੜ ਕੋਈ ਸੁਣਵਾਈ ਨਹੀਂ ਹੋਈ, ਇਸ ਦੇ ਰੋਸ ਵਜੋਂ ਨਸ਼ਾ ਛੁਡਾਓ ਮੁਲਾਜ਼ਮ ਯੂਨੀਅਨ ਆਉਣ ਵਾਲੀ 15 ਅਗਸਤ 2023 (ਸੁਤੰਤਰਤਾ ਦਿਵਸ) ਨੂੰ ਗੁਲਾਮੀ ਦਿਵਸ ਵਜੋਂ ਮਨਾਉਣਗੇ ਤੇ ਯੂਨੀਅਨ ਨੁਮਾਇੰਦਿਆਂ ਵੱਲੋਂ ਪਟਿਆਲਾ ਵਿਖੇ ਸ਼ਾਂਤਮਈ ਰੋਸ ਰੈਲੀ ਕੱਢਣ ਦਾ ਫੈਸਲਾ ਲਿਆ ਗਿਆ ਹੈ।

# ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ 21 ਤੋਂ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਚੋਣਾਂ ਤੋਂ ਪਹਿਲਾਂ 'ਮੱਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ' ਗੀਤ ਗਾਉਣ ਵਾਲੇ ਭਗਵੰਤ ਮਾਨ ਨੇ ਰਾਜ ਗੱਦੀ 'ਤੇ ਬੈਠਦਿਆਂ ਹੀ ਮਜ਼ਦੂਰਾਂ ਨੂੰ ਇਕੱਲਾ ਮਨੋਂ ਹੀ ਨਹੀਂ ਵਸਾਰਿਆ, ਸਗੋਂ ਮਜ਼ਦੂਰ ਵਿਰੋਧੀ ਹੀ ਫੈਸਲਾ ਲੈ ਰਿਹਾ ਹੈ, ਜਿਸ ਦੀ ਉਦਾਹਰਣ ਬੁਢਾਪਾ ਪੈਨਸ਼ਨ ਲਗਵਾਉਣ ਲਈ ਜਨਮ ਸਰਟੀਫਿਕੇਟ ਜ਼ਰੂਰੀ ਦੀ ਸ਼ਰਤ ਲਾ ਕੇ ਕੀਤਾ ਹੈ। ਅੱਜ ਪਿੰਡ ਖੂੰਨਣ ਖੁਰਦ ਵਿੱਚ ਜ਼ਿਲ੍ਹੇ ਕਾਰਜਕਾਰੀ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ ਦੀ ਅਗਵਾਈ 'ਚ ਜ਼ਿਲ੍ਹੇ ਦੀ ਵਧਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਜ਼ਿਲ੍ਹਾ ਜਰਨਲ ਸਕੱਤਰ ਤਰਸੇਮ ਖੁੰਡੇ ਹਲਾਲ, ਬਾਜ ਸਿੰਘ ਭੁੱਟੀ ਵਾਲਾ, ਰਾਜਾ ਸਿੰਘ ਤੇ ਕਾਲਾ ਸਿੰਘ ਖੂੰਨਣ ਖੁਰਦ, ਕਾਕਾ ਸਿੰਘ ਖੁੰਡੇ ਹਲਾਲ, ਰਾਮਪਾਲ ਗੱਗੜ ਨੇ ਸੰਬੋਧਨ ਕੀਤਾ। ਸੰਬੋਧਨ ਕਰਦਿਆਂ ਆਗੂਆਂ ਨੇ ਆਖਿਆ ਕਿ 2015 ਵਿੱਚ ਬਿਜਲੀ ਮੀਟਰ ਘਰਾਂ ਤੋਂ ਬਾਹਰ ਕੱਢਣ ਸਮੇਂ ਦਰਜ ਕੇਸ ਰੱਦ ਕਰਨ, ਨਰਮੇ ਖਰਾਬੇ ਦੇ ਮੁਆਵਜ਼ੇ ਲਈ ਸੰਘਰਸ਼ ਸਮੇ ਲੰਬੀ ਥਾਣੇ ਵਿੱਚ ਦਰਜ ਕੇਸ ਰੱਦ ਕਰਨ, ਕੋਟ ਭਾਈ ਥਾਣੇ ਵਿੱਚ ਦਰਜ ਕੇਸ ਰੱਦ ਕਰਨ ਬਾਰੇ ਪੰਜਾਬ ਸਰਕਾਰ ਦੇ ਹੁਕਮਾਂ ਅਤੇ ਡੀ ਸੀ ਵੱਲੋਂ ਸੰਘਰਸ਼ ਦੌਰਾਨ ਮੰਨਣ ਤੋਂ ਬਾਅਦ ਵੀ ਕੇਸ ਰੱਦ ਨਹੀਂ ਕੀਤੇ ਗਏ। ਆਗੂਆਂ ਨੇ ਕਿਹਾ ਕਿ ਮੰਗਾਂ ਲਾਗੂ ਕਰਵਾਉਣ ਲਈ 21 ਅਗਸਤ ਤੋਂ ਦਿਨ-ਰਾਤ ਦੇ ਧਰਨੇ ਦੀ ਤਿਆਰੀ ਲਈ ਪਿੰਡਾਂ ਵਿੱਚ ਸਵੇਰ ਤੋਂ ਮੀਟਿੰਗਾਂ ਸ਼ੁਰੂ ਕੀਤੀਆਂ ਜਾਣਗੀਆਂ। ਮੀਟਿੰਗ ਵਿੱਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਭਾਜਪਾ ਸਰਕਾਰ ਵੱਲੋਂ ਮਨੀਪੁਰ 'ਚ ਦੋ ਫਿਰਕਿਆਂ ਨੂੰ ਲੜਾ ਕੇ ਪਹਾੜੀ ਇਲਾਕਿਆਂ ਵਿੱਚੋਂ ਨਿਕਲਣ ਵਾਲੇ ਬੇਸ਼ਕੀਮਤੀ ਖਜ਼ਾਨੇ ਕਾਰਪੋਰੇਟਾਂ ਨੂੰ ਲਟਾਉਣ ਦੀ ਨੀਤੀ ਦਾ ਵਿਰੋਧ ਕੀਤਾ ਗਿਆ ਤੇ ਮਨੀਪੁਰ ਵਿੱਚ ਵਾਪਰੀ ਘਟਨਾ ਦੀ ਨਿੰਦਾ ਕੀਤੀ ਗਈ। ਇਸ ਸਮੇਂ ਜਸਵਿੰਦਰ ਸਿੰਘ ਸੰਗੂਧੌਣ, ਮੱਖਣ ਸਿੰਘੇ ਵਾਲਾ, ਕੁਲਦੀਪ ਸਿੰਘ ਚਿੱਬੜਾਂਵਾਲੀ, ਹਰਜੀਤ ਸਿੰਘ ਖੁੰਡੇ ਹਲਾਲ, ਜਸਵਿੰਦਰ ਕੌਰ ਦਬੜਾ, ਨੀਟਾ ਸਿੰਘ ਖੂੰਨਣ ਖੁਰਦ, ਸਿਮਰਜੀਤ ਕੌਰ ਖੁੰਡੇ ਹਲਾਲ, ਗੁਰਮੀਤ ਕੌਰ ਦਬੜਾ, ਲੱਕੀ ਤੇ ਸੁੱਖੀ ਕੌਰ ਭੁੱਟੀਵਾਲਾ ਆਦਿ ਸ਼ਾਮਲ ਸਨ।

# ਰੈਡੀਮੇਡ ਕੱਪੜਿਆਂ ਦੀ ਦੁਕਾਨ 'ਚੋਂ ਸਾਮਾਨ ਚੋਰੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੰਘੋਲ ਵਿਖੇ ਇੱਕ ਦੁਕਾਨ 'ਚੋਂ ਸਾਮਾਨ ਚੋਰੀ ਹੋਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਗੁਰਮੀਤ ਸਿੰਘ ਵਾਸੀ ਪਿੰਡ ਲੁਹਾਰੀ ਕਲਾਂ ਨੇ ਦੱਸਿਆ ਕਿ ਉਹ ਸੰਘੋਲ ਵਿਖੇ ਫੈਸ਼ਨ ਹੱਬ ਨਾਮਕ ਬੂਟਾਂ ਤੇ ਗਾਰਮੈਂਟਸ ਦੀ ਦੁਕਾਨ ਕਰਦਾ ਹੈ ਤੇ 5 ਅਗਸਤ ਨੂੰ ਦੇਰ ਸ਼ਾਮ ਉਹ ਦੁਕਾਨ ਬੰਦ ਕਰਕੇ ਘਰ ਨੂੰ ਚਲਾ ਗਿਆ ਤੇ ਅਗਲੇ ਦਿਨ ਸਵੇਰੇ 7 ਵਜੇ ਦੇ ਕਰੀਬ ਉਹ ਜਦੋਂ ਆਪਣੀ ਦੁਕਾਨ ਖੋਲ੍ਹਣ ਲੱਗਿਆ ਤਾਂ ਉਸ ਦੀ ਦੁਕਾਨ ਦੇ ਸ਼ਟਰ ਦੇ ਤਾਲੇ ਟੁੱਟੇ ਹੋਏ ਸਨ ਤੇ ਅੱਧਾ ਸ਼ਟਰ ਚੁੱਕਿਆ ਹੋਇਆ ਸੀ, ਜਿਸ 'ਤੇ ਉਸ ਨੇ ਦੁਕਾਨ ਦੇ ਅੰਦਰ ਜਾ ਕੇ ਦੇਖਿਆ ਤਾਂ ਦੁਕਾਨ 'ਚੋਂ ਜੀਨਾਂ, ਸਪੋਰਟਸ ਸ਼ੂਜ਼, ਟੀ ਸ਼ਰਟਾਂ, ਨਿੱਕਰਾਂ, ਲੋਅਰਾਂ, ਜੈਕਟਾਂ ਤੇ ਬਨੈਣਾਂ ਵਗੈਰਾ ਸਾਮਾਨ ਚੋਰੀ ਹੋ ਚੁੱਕਾ ਸੀ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਖਮਾਣੋਂ ਵਿਖੇ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕਰਵਾਉਣ ਉਪਰੰਤ ਸੰਘੋਲ ਚੌਂਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਾਰਾਂ 'ਚ ਕਾਰਾਂ ਵੱਜੀਆਂ, ਚਾਲਕ ਵਾਲ-ਵਾਲ ਬਚੇ

**ਤਪਾ ਮੰਡੀ (ਅਰੁਣ ਗੋਇਲ)**-ਬੀਤੀ ਸ਼ਾਮ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਪੁਲਸ ਸਟੇਸ਼ਨ ਸਾਹਮਣੇ ਬਰਨਾਲਾ ਸਾਈਡ ਤੋਂ ਆ ਰਹੀਆਂ ਤਿੰਨ ਕਾਰਾਂ ਆਪਸ 'ਚ ਵੱਜਣ ਕਾਰਨ ਨੁਕਸਾਨੀਆਂ ਗਈਆਂ, ਪਰ ਕਾਰ ਚਾਲਕ ਬਾਲ ਬਾਲ ਬਚ ਗਏ। ਮੌਕੇ 'ਤੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਇੱਕ ਆਈ 20 ਕਾਰ ਤੇਜ਼ ਰਫਤਾਰ ਕਾਰ ਬਰਨਾਲਾ ਸਾਈਡ ਤੋਂ ਬਠਿੰਡਾ ਸਾਈਡ ਨੂੰ ਜਾ ਰਹੀ ਸੀ ਤਾਂ ਜਦ ਉਹ ਤਪਾ ਓਵਰਬ੍ਰਿਜ 'ਤੇ ਚੜ੍ਹਨ ਲੱਗੀ ਤਾਂ ਇੱਕਦਮ ਬਰੇਕਾਂ ਲਗਾ ਦਿੱਤੀਆਂ, ਜਿਸ ਕਾਰਨ ਪਿੱਛੋਂ ਆ ਰਹੀਆਂ ਕਾਰਾਂ 'ਚ ਕਾਰਾਂ ਵੱਜਣ ਕਾਰਨ ਕਾਫੀ ਨੁਕਸਾਨੀਆਂ ਗਈਆਂ, ਪਰ ਪਹਿਲੀ ਕਾਰ ਚਾਲਕ ਅਪਣੀ ਗੱਡੀ ਭਜਾ ਕੇ ਲੈ ਗਿਆ, ਪਿਛਲੀਆਂ ਦੋਵੇਂ ਗੱਡੀਆਂ ਚੰਡੀਗੜ੍ਹ ਤੋਂ ਹਨੂੰਮਾਨਗੜ੍ਹ ਤੇ ਪਟਿਆਲਾ ਤੋਂ ਬਠਿੰਡਾ ਵੱਲ ਨੂੰ ਜਾ ਰਹੀਆਂ ਸੀ, ਦਾ ਅੰਦਾਜ਼ਨ ਲੱਖ ਰੁਪੈ ਤੋਂ ਵੱਧ ਦਾ ਨੁਕਸਾਨ ਹੋ ਗਿਆ। ਇਨ੍ਹਾਂ ਕਾਰ ਮਾਲਕਾਂ ਨੇ ਅਪਣੀ ਸੂਚਨਾ ਪੁਲਸ ਸਟੇਸ਼ਨ ਤਪਾ 'ਚ ਦਿੱਤੀ।

# ਰਾਮਗੜ੍ਹ ਸਿਵੀਆਂ 'ਚ ਤੀਆਂ ਦਾ ਤਿਉਹਾਰ ਮਨਾਇਆ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਸਾਉਣ ਦੇ ਮਹੀਨੇ ਤੀਜ ਦਾ ਤਿਓਹਾਰ ਪੂਰੇ ਪੰਜਾਬ ਵਿੱਚ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪਿੰਡਾਂ ਵਿੱਚ ਪੁਰਾਤਨ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਪਿੰਡਾਂ ਦੀਆਂ ਕੁੜੀਆਂ ਤੇ ਵਿਆਹੀਆਂ ਹੋਈਆਂ ਮੁਟਿਆਰਾਂ ਇਹ ਇਹ ਤਿਉਹਾਰ ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਉਂਦੀਆਂ ਹਨ।

ਇਸੇ ਤਰ੍ਹਾਂ ਸਾਉਣ ਮਹੀਨੇ ਨੂੰ ਮੁੱਖ ਰੱਖਦਿਆਂ ਤਹਿਸੀਲ ਰਾਏਕੋਟ ਦੇ ਨੇੜਲੇ ਪਿੰਡ ਰਾਮਗੜ੍ਹ ਸਿਵੀਆਂ ਸਰਕਾਰੀ ਮਿਡਲ ਸਕੂਲ ਵਿਖੇ ਤੀਆਂ ਦਾ ਤਿਓਹਾਰ ਬੜੇ ਹੀ ਚਾਵਾਂ ਨਾਲ ਮਨਾਇਆ ਜਾਂਦਾ ਹੈ, ਜਿਸ ਵਿੱਚ ਮੁਟਿਆਰਾਂ ਵੱਲੋਂ ਗਿੱਧਾ, ਭੰਗੜਾ, ਬੋਲੀਆਂ ਨਾਲ ਇਸ ਤਿਉਹਾਰ ਵਿੱਚ ਖੂਬ ਰੰਗ ਬੰਨ੍ਹਿਆ ਗਿਆ। ਮੁਟਿਆਰਾਂ ਵੱਲੋਂ ਬੱਲ੍ਹੋ ਪਾ ਕੇ ਤੀਆਂ ਦੇ ਤਿਉਹਾਰ ਨੂੰ ਸਮਾਪਤ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਧਨੇਰੀਆ ਤੇ ਅਮਨਜੋਤ ਸਿੰਘ ਕੈਨੇਡਾ ਦੇ ਪਰਿਵਾਰ ਵੱਲੋਂ ਪਿੰਡ ਦੀਆਂ ਵਿਆਹੀਆਂ ਧੀਆਂ ਨੂੰ ਸੂਟ ਤੇ ਮਠਿਆਈਆਂ ਦੀ ਸੌਗਾਤ ਭੇਟ ਕੀਤੀ ਗਈ ਤੇ ਉਨ੍ਹਾਂ ਦੇ ਬਿਹਤਰ ਜੀਵਨ ਦੀ ਕਾਮਨਾ ਕੀਤੀ ਗਈ। ਇਸ ਮੌਕੇ ਚਾਹ ਤੇ ਸਮੋਸਿਆਂ ਦਾ ਲੰਗਰ ਵੀ ਵਰਤਾਇਆ ਗਿਆ।

ਇਸ ਮੌਕੇ ਦੀਪਅਮਨ ਕੌਰ, ਵੀਰਪਾਲ ਕੌਰ, ਮਨਜੀਤ ਕੌਰ, ਅਨੀਤਾ ਰਾਣੀ, ਹਰਪ੍ਰੀਤ ਕੰਨੂੰ, ਨਿੰਮੀ, ਨਛੱਤਰ ਕੌਰ, ਜਿੰਦਰ ਕੌਰ, ਰਾਣੀ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ, ਗੁਰਲੀਨ ਕੌਰ, ਬਲਜੀਤ ਕੌਰ ਆਦਿ ਹਾਜ਼ਰ ਸਨ।

# ਵੱਖ-ਵੱਖ ਥਾਵਾਂ 'ਤੇ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ

## ਕਾਂਗਰਸ ਦੇ ਹਲਕਾ ਇੰਚਾਰਜ ਰਾਜਾ ਗਿੱਲ ਦੀ ਪਤਨੀ ਨੇ ਕੀਤੀ ਸ਼ਿਰਕਤ



ਤੀਆਂ ਦੇ ਤਿਉਹਾਰ 'ਚ ਸ਼ਮੂਲੀਅਤ ਕਰਦੇ ਹੋਏ ਨਵਨੀਤ ਕੌਰ ਗਿੱਲ ਤੇ ਹੋਰ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਮਾਛੀਵਾੜਾ ਦੇ ਆਂਗਣਵਾੜੀ ਸੈਂਟਰ ਨੰ. 122 ਵਿਖੇ ਤੀਆਂ ਤੀਜ ਦਾ ਤਿਉਹਾਰ ਕੁਲਵੰਤ ਕੌਰ ਨੀਲੋਂ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਮੇਲੇ ਦਾ ਉਦਘਾਟਨ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਪਤਨੀ ਨਵਨੀਤ ਕੌਰ ਗਿੱਲ ਨੇ ਰੀਬਨ ਕੱਟ ਕੇ ਕੀਤਾ।

ਇਕੱਤਰ ਹੋਈਆਂ ਮੁਟਿਆਰਾਂ ਤੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਨਵਨੀਤ ਕੌਰ ਗਿੱਲ ਨੇ ਕਿਹਾ ਕਿ ਪੁਰਾਣੇ ਸੱਭਿਆਚਾਰ ਨੂੰ ਸਾਂਭਣ ਲਈ ਤੀਆਂ ਦੇ ਮੇਲੇ ਕਰਵਾਉਣੇ ਜ਼ਰੂਰੀ ਹਨ, ਕਿਉਂਕਿ ਇਹ ਸਾਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮਹੀਨੇ ਨਵ-ਵਿਆਹੁਤਾ ਕੁੜੀਆਂ ਆਪਣੇ ਪੇਕੇ ਪਿੰਡ ਆਪਣੀਆਂ ਸਹੇਲੀਆਂ ਨਾਲ ਪਿੱਪਲ, ਬੋਹੜ ਉੱਪਰ ਪੀਂਘਾਂ ਝੂਟ ਕੇ ਖੁਸ਼ੀ ਮਹਿਸੂਸ ਕਰਦੀਆਂ ਹਨ। ਇਸ ਮੌਕੇ ਔਰਤਾਂ ਨੇ ਪੀਂਘਾਂ ਝੂਟਦੀਆਂ ਕੁੜੀਆਂ, ਔਰਤਾਂ ਨੇ ਬੋਲੀਆਂ, ਗਿੱਧਾ ਪਾ ਕੇ ਤੀਆਂ ਦਾ ਖੂਬ ਆਨੰਦ ਮਾਣਿਆ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਪਰਮਜੀਤ ਸਿੰਘ ਨੀਲੋਂ, ਅਮਰਜੀਤ ਕੌਰ, ਚਰਨਜੀਤ ਕੌਰ ਪੂਨੀਆਂ, ਸੁਸ਼ਮਾ ਰਾਣੀ, ਬਲਵੀਰ ਕੌਰ, ਬਲਜਿੰਦਰ ਕੌਰ, ਸੋਨੂੰ ਕੁਮਾਰੀ, ਰਾਜੇਸ਼ ਕੁਮਾਰੀ, ਗਗਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਨੀਲਮ ਰਾਣੀ, ਮਲਕੀਤ ਕੌਰ, ਸੀਮਾ ਰਾਣੀ, ਮਨਦੀਪ ਕੌਰ, ਪਰਮਜੀਤ ਕੌਰ, ਰਾਣੀ, ਕਿਰਨ ਬਾਲਾ ਆਦਿ ਹਾਜ਼ਰ ਸਨ। ਇਸ ਤੋਂ ਇਲਾਵਾ ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਸ਼ੇਰਪੁਰ ਬਸਤੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਰਵਾਇਤੀ ਤੀਆਂ ਤੀਜ ਦੀਆਂ ਮੇਲਾ ਕਰਵਾਇਆ ਗਿਆ। ਮੇਲੇ ਦਾ ਉਦਘਾਟਨ ਸਰਪੰਚ ਨੀਲਮ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਨੇ ਕੀਤਾ। ਮੇਲੇ ਦੌਰਾਨ ਇਕੱਤਰ ਹੋਈਆਂ ਪਿੰਡ ਦੀਆਂ ਧੀਆਂ, ਔਰਤਾਂ ਤੇ ਸਕੂਲ ਦੇ ਬੱਚਿਆਂ ਨੇ ਰਵਾਇਤੀ ਬੋਲੀਆਂ, ਸੱਭਿਆਚਾਰਕ ਗੀਤ, ਗਿੱਧਾ ਭੰਗੜਾ ਤੇ ਪੀਂਘਾਂ ਝੂਟੀਆਂ। ਮਾਸਟਰ ਕੁਲਦੀਪ ਸਿੰਘ ਨੇ ਪਹੁੰਚੇ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਤੀਆਂ ਦੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਪਹੁੰਚੇ ਬਾਬਾ ਦੀਪਾ ਜੀ ਫਲਾਈ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਅੰਤ ਵਿੱਚ ਤਰਸੇਮ ਸਿੰਘ ਖਾਲਸਾ ਨੇ ਮੇਲੇ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪੰਜਾਬੀ ਸਾਹਿਤ ਸਭਾ ਵੱਲੋਂ 'ਦੋ ਕਿਤਾਬਾਂ ਚਾਰ ਗੱਲਾਂ' ਸਾਹਿਤਕ ਸਮਾਗਮ





**ਬਠਿੰਡਾ (ਬਖਤੌਰ ਢਿੱਲੋਂ)**

ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ 'ਦੋ ਕਿਤਾਬਾਂ ਚਾਰ ਗੱਲਾਂ' ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਉੱਘੇ ਗ਼ਜ਼ਲਗੋ ਸ੍ਰੀ ਰਣਬੀਰ ਰਾਣਾ ਦੀ ਪੁਸਤਕ 'ਮਨ ਦੇ ਮਹਿਰਮ' ਤੇ ਉੱਭਰਦੇ ਕਹਾਣੀਕਾਰ ਸ੍ਰੀ ਆਗਾਜ਼ਬੀਰ ਦੀ ਪੁਸਤਕ 'ਕੁਇਨਜ਼ ਲੈਂਡ' 'ਤੇ ਚਰਚਾ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਡਾ: ਹਰਜਿੰਦਰ ਸਿੰਘ ਅਟਵਾਲ ਸਾਹਿਤ ਸੰਪਾਦਕ ਨਵਾਂ ਜ਼ਮਾਨਾ ਨੇ ਕੀਤੀ, ਜਦਕਿ ਸ੍ਰੀ ਜਤਿੰਦਰ ਸਿੰਘ ਭੱਲਾ ਚੇਅਰਮੈਨ ਇੰਪਰੂਵਮੈਂਟ ਟਰਸਟ ਬਠਿੰਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਰਵਸ੍ਰੀ ਦਰਸ਼ਨ ਜੋਗਾ ਕਹਾਣੀਕਾਰ, ਸਭਾ ਦੇ ਸ੍ਰਪਰਸਤ ਸ੍ਰੀ ਗੁਰਦੇਵ ਖੋਖਰ, ਪ੍ਰਧਾਨ ਸ੍ਰੀ ਜਸਪਾਲ ਮਾਨਖੇੜਾ ਤੇ ਟੀਚਰਜ਼ ਹੋਮ ਟਰਸਟ ਵੱਲੋਂ ਸ੍ਰੀ ਬੀਰਬਲ ਦਾਸ ਹਾਜ਼ਰ ਸਨ।

ਸਮਾਗਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਮਹਿਮਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਹਿ ਕੇ ਕੀਤਾ ਤੇ ਉਨ੍ਹਾ ਪੁਸਤਕਾਂ ਦੇ ਲੇਖਕਾਂ ਸ੍ਰੀ ਰਣਬੀਰ ਰਾਣਾ ਤੇ ਸ੍ਰੀ ਆਗਾਜ਼ਬੀਰ ਨੂੰ ਮੁਬਾਰਕਬਾਦ ਦਿੱਤੀ। ਪੁਸਤਕ ਮਨ ਦੇ ਮਹਿਰਮ 'ਤੇ ਪਰਚਾ ਪੜ੍ਹਦਿਆਂ ਡਾ: ਹਰਜਿੰਦਰ ਸੂਰੇਵਾਲੀਆ ਨੇ ਕਿਹਾ ਕਿ ਸ੍ਰੀ ਰਣਬੀਰ ਰਾਣਾ ਭਾਵੇਂ ਗ਼ਜ਼ਲਗੋ ਹੈ, ਪਰ ਇਹ ਸ਼ਬਦ ਚਿੱਤਰਾਂ ਦੀ ਪੁਸਤਕ ਨਾਲ ਉਹ ਸਾਹਿਤ ਦੀ ਔਖਿਆਈ ਭਰੀ ਦੂਜੀ ਵਿਧਾ ਵਿੱਚ ਸਫ਼ਲ ਹੋ ਕੇ ਨਿਕਲਿਆ ਹੈ। ਪਰਚੇ 'ਤੇ ਚਰਚਾ ਦਾ ਅਰੰਭ ਕਰਦਿਆਂ ਸ੍ਰੀ ਨਿਰੰਜਨ ਬੋਹਾ ਨੇ ਕਿਹਾ ਕਿ ਸ਼ਬਦ ਚਿੱਤਰ ਲਿਖਣਾ ਔਖਾ ਕਾਰਜ ਹੁੰਦਾ ਹੈ, ਪਰ ਇਹ ਕੰਮ ਕਰਦਿਆਂ ਸ੍ਰੀ ਰਾਣਾ ਨੇ ਕਿਸੇ ਦਾ ਪੱਖ ਨਹੀਂ ਪੂਰਿਆ, ਸਗੋਂ ਸੱਚਾਈ ਪੇਸ਼ ਕੀਤੀ ਹੈ। ਪੁਸਤਕ ਕੁਇਨਜ਼ ਲੈਂਡ 'ਤੇ ਸ੍ਰੀ ਚੰਦਰ ਪ੍ਰਕਾਸ਼ ਨੇ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਆਗਾਜ਼ਬੀਰ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ, ਉਹ ਲੇਖਣੀ ਵਜੋਂ ਸਫ਼ਲ ਹੈ। ਉਸ ਤੋਂ ਬਹੁਤ ਵੱਡੀਆਂ ਉਮੀਦਾਂ ਹਨ, ਪਰ ਹੋਰ ਮਿਹਨਤ ਕਰਨ ਦੀ ਲੋੜ ਹੈ। ਕਹਾਣੀਕਾਰ ਨੇ ਨਵੇਂ ਵਿਸ਼ੇ ਪੇਸ਼ ਕੀਤੇ ਹਨ ਤੇ ਉਸ ਦਾ ਨਿਭਾ ਵੀ ਚੰਗਾ ਹੈ। ਇਸ ਚਰਚਾ ਨੂੰ ਅੱਗੇ ਤੋਰਦਿਆਂ ਸ੍ਰੀ ਪਰਗਟ ਬਰਾੜ ਨੇ ਅਲੋਚਨਾ ਦੇ ਤੌਰ 'ਤੇ ਕਹਾਣੀਆਂ ਦੀ ਚੀਰਫਾੜ ਵੀ ਕੀਤੀ, ਪਰ ਉਨ੍ਹਾ ਕਿਹਾ ਕਿ ਆਗਾਜ਼ਬੀਰ ਸਫ਼ਲ ਕਹਾਣੀਕਾਰ ਹੈ। ਚਰਚਾ ਵਿੱਚ ਸ੍ਰੀ ਦਰਸ਼ਨ ਜੋਗਾ, ਸੁਰਿੰਦਰਪ੍ਰੀਤ ਘਣੀਆ, ਲਛਮਣ ਮਲੂਕਾ, ਅਮਰਜੀਤ ਜੀਤ ਆਦਿ ਨੇ ਵੀ ਹਿੱਸਾ ਲਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਜਤਿੰਦਰ ਸਿੰਘ ਭੱਲਾ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਹਿਤਕਾਰ ਆਪਣੀ ਰਚਨਾਵਾਂ ਨਾਲ ਲੋਕਾਂ ਨੂੰ ਰਾਹ ਵਿਖਾਉਂਦੇ ਹਨ ਤੇ ਸੇਧ ਦਿੰਦੇ ਹਨ। ਦੁਨੀਆ ਭਰ 'ਚ ਬਦਲਾਅ ਲਿਆਉਣ ਵਿੱਚ ਸਾਹਿਤ ਦਾ ਵੱਡਾ ਰੋਲ ਰਿਹਾ ਹੈ। ਉਨ੍ਹਾ ਕਿਹਾ ਭਾਰਤ ਦੇ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਜ਼ਰੂਰੀ ਹੈ ਕਿ ਸਾਹਿਤਕਾਰ, ਬੁੱਧੀਜੀਵੀ ਸਿਆਸਤ ਵਿੱਚ ਨਿੱਤਰਣ। ਉਨ੍ਹਾ ਕਿਹਾ ਕਿ ਉਹ ਸਿਆਸਤ ਵਿੱਚ ਆਈ ਗਿਰਾਵਟ ਨੂੰ ਵੇਖਦਿਆਂ ਇਸ ਤੋਂ ਦੂਰ ਰਹਿਣਾ ਹੀ ਬਿਹਤਰ ਸਮਝਦੇ ਹਨ, ਪਰ ਇਸ ਰੁਝਾਨ ਦਾ ਦੇਸ਼ ਨੂੰ ਨੁਕਸਾਨ ਹੋ ਰਿਹਾ ਹੈ। ਪ੍ਰਧਾਨਗੀ ਭਾਸ਼ਣ ਕਰਦਿਆਂ ਡਾ: ਹਰਜਿੰਦਰ ਸਿੰਘ ਅਟਵਾਲ ਨੇ ਸ੍ਰੀ ਰਾਣਾ ਤੇ ਆਗਾਜ਼ਬੀਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਲਵਾ ਖੇਤਰ ਵਿੱਚ ਲੇਖਕਾਂ ਦਾ ਸਾਹਿਤ ਰਚਨ ਵਿੱਚ ਮੋਹਰੀ ਰੋਲ ਹੈ ਤੇ ਬਾਕੀ ਸੂਬੇ ਨਾਲੋਂ ਇੱਕੇ ਪਾਠਕ ਵੀ ਵਧੇਰੇ ਹਨ, ਜਿਸ ਤੋਂ ਤਸੱਲੀ ਮਿਲਦੀ ਹੈ। ਉਨ੍ਹਾ ਪੁਸਤਕਾਂ 'ਤੇ ਚਰਚਾ ਕਰਦਿਆਂ ਸਾਹਿਤਕ ਬਰੀਕੀਆਂ ਦੀ ਗੱਲ ਵੀ ਕੀਤੀ। ਉਨ੍ਹਾ ਮਾਂ ਬੋਲੀ ਪੰਜਾਬੀ ਦੀ ਬਿਹਤਰੀ ਲਈ ਸਾਹਿਤਕਾਰਾਂ, ਪਾਠਕਾਂ ਤੇ ਰਾਜਨੀਤੀਵਾਨਾਂ ਨੂੰ ਰਲ ਕੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸਮਾਗਮ ਵਿੱਚ ਸਰਵਸ੍ਰੀ ਹਰਬੰਸ ਬਰਾੜ, ਸੁਖਦਰਸ਼ਨ ਗਰਗ, ਬਲਵਿੰਦਰ ਸਿੰਘ ਭੁੱਲਰ, ਦਮਜੀਤ ਦਰਸ਼ਨ, ਮਨਜੀਤ ਬਠਿੰਡਾ ਆਦਿ ਹਾਜ਼ਰ ਸਨ। ਅੰਤ ਵਿੱਚ ਸਭਾ ਦੇ ਮੀਤ ਪ੍ਰਧਾਨ ਸ੍ਰੀ ਦਿਲਬਾਗ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਸਟੇਜ ਸਕੱਤਰ ਦੀ ਭੂਮਿਕਾ ਸਭਾ ਦੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਨੇ ਬਾਖੂਬੀ ਨਿਭਾਈ।

8-August-PAGE-9.qxd 8/7/2023 10:55 PM Page 1



# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਫਿਰਕੂ ਹਿੰਸਾ ਖ਼ਿਲਾਫ਼ ਕਨਵੈਨਸ਼ਨ



**ਜਲੰਧਰ (ਰਾਜੇਸ਼ ਥਾਪਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਕੇਂਦਰੀ ਕਮੇਟੀ ਵੱਲੋਂ ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਜੁੜੇ ਸੰਗਠਨਾਂ ਵੱਲੋਂ ਮੋਦੀ-ਸ਼ਾਹ ਸਰਕਾਰ ਦੇ ਥਾਪੜੇ ਨਾਲ ਦੇਸ਼ ਭਰ 'ਚ ਝੁਲਾਈ ਜਾ ਰਹੀ ਫਿਰਕੂ ਹਿੰਸਾ ਦੀ ਹਨੇਰੀ ਖਿਲਾਫ ਦੇਸ਼ ਵਿਆਪੀ ਲਾਮਬੰਦੀ ਅਤੇ ਚੇਤਨਾ ਮੁਹਿੰਮ ਵਿੱਢੇ ਜਾਣ ਦੇ ਨਿਰਣੇ ਤਹਿਤ ਪੰਜਾਬ ਅੰਦਰ ਸਤੰਬਰ ਮਹੀਨੇ ਦੇ ਪਹਿਲੇ ਪੰਦਰਵਾੜੇ ਦੌਰਾਨ ਪਾਰਟੀ ਵੱਲੋਂ ਦੋ ਸੂਬਾਈ ਜਥੇ ਤੋਰੇ ਜਾਣਗੇ। ਇਹ ਜਥੇ ਸੂਬੇ ਅੰਦਰ ਸੈਂਕੜੇ ਜਨ ਸਭਾਵਾਂ ਨੂੰ ਸੰਬੋਧਨ ਕਰਦੇ ਹੋਏ ਸੰਘ-ਭਾਜਪਾ ਦੇ ਧਰਮ ਅਧਾਰਤ ਕੱਟੜ ਰਾਸ਼ਟਰ ਦੀ ਕਾਇਮੀ ਅਤੇ 2024 ਦੀਆਂ ਆਮ ਚੋਣਾਂ 'ਚ ਭਾਜਪਾ ਸਰਕਾਰ ਦੀ ਮੁੜ ਕਾਇਮੀ ਲਈ ਕੀਤੀ ਜਾ ਰਹੀ ਫਿਰਕੂ ਕਤਾਰਬੰਦੀ ਦੇ ਤਬਾਹਕੁੰਨ ਨਤੀਜਿਆਂ ਤੋਂ ਲੋਕਾਈ ਨੂੰ ਜਾਣੂ ਕਰਾਉਣਗੇ। ਇਨ੍ਹਾਂ ਜਨ ਸਭਾਵਾਂ ਦੌਰਾਨ ਮਿਹਨਤੀ ਲੋਕਾਈ ਨੂੰ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ, ਲੋਕ ਮਾਰੂ ਨੀਤੀਆਂ ਵਿਰੁੱਧ ਏਕਾ ਕਾਇਮ ਕਰਦੇ ਹੋਏ ਜ਼ੋਰਦਾਰ ਲੋਕ ਘੋਲ ਵਿੱਢਣ ਦਾ ਸੱਦਾ ਦਿੱਤਾ ਜਾਵੇਗਾ।

ਇਹ ਨਿਰਣਾ ਪਾਰਟੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਸੱਦੀ ਗਈ ਸੂਬਾਈ ਕਨਵੈਨਸ਼ਨ ਵਿੱਚ ਹਾਜ਼ਰ ਪ੍ਰਤੀਨਿਧਾਂ ਵੱਲੋਂ ਸਰਵਸੰਮਤੀ ਨਾਲ ਪਾਸ ਕੀਤੇ ਇਕ ਮਤੇ ਰਾਹੀਂ ਲਿਆ ਗਿਆ। ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਉਚੇਚੇ ਹਾਜ਼ਰ ਹੋਏ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਮਨੀਪੁਰ ਵਿਖੇ ਕੇਂਦਰੀ ਪ੍ਰਸ਼ਾਸਨ ਅਤੇ ਸੂਬਾ ਸਰਕਾਰ ਦੀ ਨੰਗੀ-ਚਿੱਟੀ ਸ਼ਹਿ ਨਾਲ ਲੰਘੀ 3 ਮਈ ਤੋਂ ਜਾਰੀ ਕਤਲੋ-ਗਾਰਤ, ਇਸਤਰੀਆਂ ਦੀ ਬੇਹੁਰਮਤੀ ਦੀਆਂ ਸ਼ਰਮਨਾਕ ਵਾਰਦਾਤਾਂ ਅਤੇ ਵਿਆਪਕ ਸਾੜ-ਫੂਕ ਤੇ ਲੁੱਟ-ਮਾਰ 'ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਦੀ ਬੇਧਿਆਨੀ ਦੀ ਡਟਵੀਂ ਨਿਖੇਧੀ ਕੀਤੀ।

ਸਾਥੀ ਪਾਸਲਾ ਨੇ ਕਿਹਾ ਕਿ ਦੇਸ਼-ਵਿਦੇਸ਼ 'ਚ ਹੋ ਰਹੀ ਭਾਰਤ ਦੀ ਵਿਆਪਕ ਕਿਰਕਿਰੀ ਦੇ ਬਾਵਜੂਦ ਹਾਲਾਤ ਨੂੰ ਕਾਬੂ ਕਰਨ ਲਈ ਠੋਸ ਕਦਮ ਨਾ ਚੁੱਕਣਾ ਸੰਘ-ਭਾਜਪਾ, ਮੋਦੀ-ਸ਼ਾਹ ਸਰਕਾਰ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟ ਲੋਟੂਆਂ ਦੀ ਕਿਸੇ ਗੁੱਝੀ ਸਾਜ਼ਿਸ਼ ਦਾ ਸੰਕੇਤ ਹੈ। ਉਨ੍ਹਾਂ ਗੁਆਂਢੀ ਸੂਬੇ ਹਰਿਆਣਾ ਅੰਦਰ ਉੱਥੋਂ ਦੀ ਖੱਟਰ ਸਰਕਾਰ ਦੀ ਸ਼ਹਿ ਨਾਲ ਸੰਘੀ ਸੰਗਠਨਾਂ ਵੱਲੋਂ ਫਿਰਕੂ ਤਣਾਅ ਦੀ ਵੀ ਜ਼ੋਰਦਾਰ ਨਿਖੇਧੀ ਕੀਤੀ। ਸਾਥੀ ਪਾਸਲਾ ਨੇ ਕਿਹਾ ਕਿ ਦੇਸ਼ ਨੂੰ ਫ਼ਿਰਕੂ ਹਿੰਸਾ ਤੋਂ ਬਚਾਉਣ ਅਤੇ ਭਾਰਤ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਦੀ ਰਾਖੀ ਲਈ 2024 ਦੀਆਂ ਆਮ ਚੋਣਾਂ 'ਚ ਮੋਦੀ ਸਰਕਾਰ ਨੂੰ ਸੱਤਾ ਤੋਂ ਬੇਦਖ਼ਲ ਕੀਤੇ ਬਗੈਰ ਦੇਸ਼ ਵਾਸੀਆਂ ਸਾਹਮਣੇ ਮੌਜੂਦਾ ਸਮੇਂ 'ਚ ਹੋਰ ਕੋਈ ਰਾਹ ਨਹੀਂ ਬਚਿਆ। ਪਾਸਲਾ ਨੇ ਕਿਹਾ ਕਿ ਮੋਦੀ ਸਰਕਾਰ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਇਕੋ ਜਿਹੀਆਂ ਹੀ ਲੋਕ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ ਅਤੇ ਦੋਨੋਂ ਹੀ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਬੇਲੋੜੇ ਜਜ਼ਬਾਤੀ ਮੁੱਦੇ ਉਛਾਲ ਕੇ ਡੰਗ-ਟਪਾਈ ਕਰ ਰਹੀਆਂ ਹਨ। ਕਨਵੈਨਸ਼ਨ ਦੀ ਪ੍ਰਧਾਨਗੀ ਪਾਰਟੀ ਦੀ ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ ਨੇ ਕੀਤੀ। ਸਟੇਜ ਦੀ ਕਾਰਵਾਈ ਸੂਬਾ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਚਲਾਈ। ਸਰਵ ਸਾਥੀ ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਵੇਦ ਪ੍ਰਕਾਸ਼, ਨੱਥਾ ਸਿੰਘ ਪਠਾਨਕੋਟ, ਬੀਬੀ ਰਘਬੀਰ ਕੌਰ ਨੇ ਵੀ ਵਿਚਾਰ ਰੱਖੇ। ਆਰੰਭ ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਖੇ ਐਟਮੀ ਹਮਲੇ ਵਿੱਚ ਮਾਰੇ ਗਏ ਕਰੋੜਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉੱਘੇ ਪ੍ਰਗਤੀਵਾਦੀ ਲੇਖਕ ਅਤੇ ਲੋਕ ਘੋਲਾਂ ਦੇ ਮਿਸਾਲੀ ਯੋਧੇ ਸਾਥੀ ਹਰਭਜਨ ਸਿੰਘ ਹੁੰਦਲ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਕਨਵੈਨਸ਼ਨ ਉਪਰੰਤ ਦੇਸ਼ ਭਗਤ ਯਾਦਗਾਰ ਤੋਂ ਲੈ ਕੇ ਸ਼ਹੀਦ-ਇ-ਆਜ਼ਮ ਭਗਤ ਸਿੰਘ ਚੌਕ ਤੱਕ ਰੋਹ ਭਰਪੂਰ ਮਾਰਚ ਵੀ ਕੀਤਾ ਗਿਆ।

## ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਨ ਅਧਿਕਾਰੀ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਬਿਨਾਂ ਦੇਰੀ ਨਿਪਟਾਰਾ ਯਕੀਨੀ ਬਣਾਇਆ ਜਾਵੇ। ਕੈਬਨਿਟ ਮੰਤਰੀ ਨੇ ਅੱਜ 300 ਤੋਂ ਵੱਧ ਮਾਮਲਿਆਂ ਦੀ ਸੁਣਵਾਈ ਕੀਤੀ ਅਤੇ ਮੌਕੇ 'ਤੇ ਸੰਬੰਧਤ ਅਧਿਕਾਰੀਆਂ ਨੂੰ ਫੋਨ ਰਾਹੀਂ ਨਿਰਦੇਸ਼ ਦਿੱਤੇ। ਉਨ੍ਹਾਂ ਆਪਣੇ ਵਿਭਾਗ ਅਤੇ ਹੋਰ ਵਿਭਾਗਾਂ ਨਾਲ ਸੰਬੰਧਤ ਅਧਿਕਾਰੀਆਂ ਨੂੰ ਜਨਤਕ ਹਿੱਤ ਵਿਚ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੇ ਲਈ ਕਿਹਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੂਰੀ ਕੈਬਨਿਟ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਪੰਜਾਬ ਦੀ ਤਰੱਕੀ ਲਈ ਕੋਈ ਕਮੀ ਨਾ ਛੱਡੀ ਜਾਵੇ ਅਤੇ ਮਿਲ ਕੇ ਪੰਜਾਬ ਨੂੰ ਇਕ ਖੁਸ਼ਹਾਲ ਸੂਬੇ ਵਜੋਂ ਸਥਾਪਿਤ ਕਰੀਏ। ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਜਾਇਜ਼ ਸਮੱਸਿਆਵਾਂ ਦਾ ਨਿਸਚਤ ਸਮੇਂ ਵਿਚ ਹੱਲ ਕਰਨ ਨੂੰ ਪਹਿਲ ਦੇ ਰਹੀ ਹੈ। ਇਸ ਮੌਕੇ ਸਿਹਤ, ਮਾਲ, ਪੁਲਸ, ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ, ਸਮਾਜਕ ਸੁਰੱਖਿਆ, ਸਮਾਜਕ ਨਿਆਂ ਅਤੇ ਅਧਿਕਾਰਤਾ, ਖਾਦ ਤੇ ਸਿਵਲ ਸਪਲਾਈਜ਼, ਡਰੇਨੇਜ, ਮਾਈਨਿੰਗ, ਖੇਤੀ, ਟਰਾਂਸਪੋਰਟ, ਸਹਿਕਾਰੀ, ਨਗਰ ਨਿਗਮ, ਡੇਅਰੀ ਵਿਕਾਸ, ਬਿਜਲੀ ਵਿਭਾਗ ਆਦਿ ਨਾਲ ਸੰਬੰਧਤ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।

## 'ਆਪ ਸਰਕਾਰ ਪੱਤਰਕਾਰ ਭਾਈਚਾਰੇ ਨੂੰ ਮਾਣ-ਸਤਿਕਾਰ ਤੇ ਸੁਰੱਖਿਆ ਪ੍ਰਦਾਨ ਕਰੇ'

**ਕਪੂਰਥਲਾ (ਪ੍ਰੀਤ ਸੰਗੋਜਲਾ )**- ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ( ਰਜਿ ) ਪੰਜਾਬ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਸੁਖਵਿੰਦਰ ਸੋਹੀ ਜ਼ਿਲ੍ਹਾ ਜਨਰਲ ਸਕੱਤਰ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੇਅਰਮੈਨ, ਤਰਲੋਚਨ ਸਿੰਘ ਚਾਹਲ ਮੁੱਖ ਸਲਾਹਕਾਰ ਪੰਜਾਬ ਨੇ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ (ਰਜਿ ) ਪੰਜਾਬ ਨੇ ਸਾਂਝੇ ਤੌਰ 'ਤੇ ਕਿਹਾ ਕਿ ਆਪ ਸਰਕਾਰ ਪੱਤਰਕਾਰ ਸਾਥੀਆਂ ਨੂੰ ਸਰਕਾਰ ਵੱਲੋਂ ਮਿਲਣ ਵਾਲੀਆ ਸਹੂਲਤਾਂ ਪ੍ਰਦਾਨ ਕਰੇ, ਯੈਲੋ ਕਾਰਡ 'ਤੇ ਪੰਜ ਲੱਖ ਰੁਪਏ ਦੀ ਮੈਡੀਕਲ ਸਹੂਲਤ ਨੂੰ ਵਧਾ ਕੇ 10 ਲੱਖ ਰੁਪਏ ਕੀਤੀ ਜਾਵੇ, ਬੱਸ ਸਫਰ, ਰੇਲ ਸਫਰ ਫ੍ਰੀ ਕੀਤਾ ਜਾਵੇ। ਉਕਤ ਆਗੂਆਂ ਨੇ ਕਿਹਾ ਕਿ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੀ ਮੈਂਬਰਸ਼ਿਪ ਸ਼ੁਰੂ ਹੋ ਗਈ ਹੈ। ਜਿਸ 'ਤੇ ਜ਼ਿਲ੍ਹਾ ਪੱਧਰ, ਜ਼ੋਨ ਪੱਧਰ ਤੱਕ ਯੂਨਿਟ ਸਥਾਪਿਤ ਕੀਤੇ ਜਾ ਰਹੇ ਹਨ। ਉਨ੍ਹਾਂ ਪੱਤਰਕਾਰ ਭਾਈਚਾਰੇ ਨੂੰ ਵੱਧ ਤੋਂ ਵੱਧ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਪੱਤਰਕਾਰ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਪੱਤਰਕਾਰ ਸਾਥੀ ਨੂੰ ਕੋਈ ਵੀ ਪ੍ਰੇਸ਼ਾਨੀ ਹੈ ਤਾਂ ਉਹ ਪ੍ਰੈਸ ਕਲੱਬ ਨਾਲ ਸੰਪਰਕ ਕਰ ਸਕਦਾ ਹੈ। ਮਨਜੀਤ ਮਾਨ ਸੂਬਾ ਪ੍ਰਧਾਨ ਨੇ ਕਿਹਾ ਕਿ ਪੂਰੇ ਪੰਜਾਬ 'ਚ ਸਾਡੇ ਜ਼ਿਲ੍ਹਾ ਪ੍ਰਧਾਨ, ਯੂਨਿਟ ਪ੍ਰਧਾਨ, ਜਨਰਲ ਸਕੱਤਰ, ਚੇਅਰਮੈਨ ਤੇ ਹੋਰ ਦਰਜਾ ਬਾ ਦਰਜਾ ਸਤਿਕਾਰ ਯੋਗ ਸਾਥੀ ਹਨ। ਉਨ੍ਹਾਂ ਨਾਲ ਸਪੰਰਕ ਕਰ ਸਕਦੇ ਹੋ। ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਨੇ ਵੀ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਪੱਤਰਕਾਰ ਭਾਈਚਾਰੇ ਲਈ 24 ਘੰਟੇ ਸੇਵਾ ਵਿੱਚ ਹਾਜ਼ਰ ਰਹਿੰਦੀ ਹੈ। ਮਨਜੀਤ ਮਾਨ ਸੂਬਾ ਪ੍ਰਧਾਨ ਨਾਲ ਸਲਾਹ ਮਸ਼ਵਰਾ ਕਰਕੇ ਬਹੁਤ ਜਲਦ ਜ਼ਿਲ੍ਹਾ ਕਪੂਰਥਲਾ ਦੀ ਮੀਟਿੰਗ ਰੱਖੀ ਜਾਵੇਗੀ। ਜਿਸ ਵਿੱਚ ਸਾਰੇ ਯੂਨਿਟ ਪ੍ਰਧਾਨ ਜਨਰਲ ਸਕੱਤਰ, ਚੇਅਰਮੈਨ ਸਾਹਿਬਾਨ ਨੂੰ ਸੱਦਾ ਪੱਤਰ ਦਿੱਤਾ ਜਾਵੇਗਾ।

## ਡਾਇਲਸਿਸ ਸੈਂਟਰ ਦੇ ਨਵੇਂ ਯੂਨਿਟ ਦਾ ਉਦਘਾਟਨ

**ਆਦਮਪੁਰ (ਪਰਮਜੀਤ ਸਿੰਘ )**-ਆਦਮਪੁਰ ਦੋਆਬਾ ਵਿਖੇ ਆਰ ਐਸ ਗਾਂਧੀ ਮੈਮੋਰੀਅਲ ਹੈਲਪਿੰਗ ਹੈਂਡ (ਗਾਂਧੀ ਹਸਪਤਾਲ ) ਵਿਖੇ ਡਾਇਲਸਿਸ ਸੈਂਟਰ ਦੇ ਨਵੇਂ ਯੂਨਿਟ ਦਾ ਰਸਮੀ ਉਦਘਾਟਨ ਬੀਬੀ ਸਰੀਫਾਂ ਜੀ ਉਦੇਸੀਆਂ ਵਾਲੇ, ਸੁਆਮੀ ਰਾਮ ਭਾਰਤੀ ਅਤੇ ਪਵਨ ਕੁਮਾਰ ਟੀਨੂੰ ਸਾਬਕਾ ਵਿਧਾਇਕ ਆਦਮਪੁਰ ਵੱਲੋਂ ਕੀਤਾ ਗਿਆ। ਇਸ ਮੌਕੇ ਪਵਨ ਕੁਮਾਰ ਟੀਨੂੰ ਨੇ ਦੱਸਿਆ ਕਿ ਇਲਾਕੇ 'ਚ ਨਜ਼ਦੀਕ ਕੋਈ ਹੋਰ ਹਸਪਤਾਲ ਨਾ ਹੋਣ ਕਰਕੇ ਇਲਾਕੇ ਦੇ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਸੀ। ਇਸ ਨਵੇਂ ਖੁੱਲ੍ਹੇ ਡਾਇਲਸਿਸ ਸੈਂਟਰ ਵਿਚ ਬਹੁਤ ਘੱਟ ਰੇਟ 'ਤੇ ਮਰੀਜ਼ਾਂ ਦਾ ਇਲਾਜ ਕੀਤਾ ਜਾਵੇਗਾ। ਹਸਪਤਾਲ ਦੇ ਮਾਲਕ ਡਾ. ਸੰਜੀਵ ਗਾਂਧੀ ਨੇ ਦੱਸਿਆ ਕਿ ਇਸ ਸੈਂਟਰ ਨਾਲ ਆਦਮਪੁਰ ਤੇ ਇਸ ਦੇ ਆਸ-ਪਾਸ ਪਿੰਡਾਂ ਨੂੰ ਇਸ ਸੈਂਟਰ ਦੀ ਬਹੁਤ ਸਹੂਲਤ ਮਿਲੇਗੀ ਅਤੇ ਡਾਇਲਸਿਸ ਕਰਵਾਉਣ ਲਈ ਬਹੁਤ ਦੂਰ ਦੂਰ ਨਹੀਂ ਜਾਣਾ ਪਵੇਗਾ। ਇਸ ਸਮੇਂ ਡਾ. ਜਸਦੀਪ ਸਿੰਘ ਬੇਦੀ, ਡਾ. ਤਰੁਣ ਗੁਪਤਾ, ਡਾ. ਪ੍ਰਿਤਪਾਲ ਸਿੰਘ, ਡਾ. ਰਜਿੰਦਰ, ਡਾ. ਪਵਨ, ਡਾ. ਮੀਨਾਕਸ਼ੀ , ਗੁਰਦਿਆਲ ਸਿੰਘ ਨਿੱਝਰ, ਚਰਨਜੀਤ ਸੇਰੀ, ਦਲਵੀਰ ਸਿੰਘ ਖੋਜਕੀਪੁਰ, ਧਰਮਪਾਲ ਲੇਸੜੀਵਾਲ, ਤੀਰਥ ਰਾਮ, ਜਗਦੀਸ਼ ਪਸਰੀਚਾ, ਸਤਪਾਲ ਬਜਾਜ, ਆਕਾਸ਼ਦੀਪ ਪਾਲ, ਗੁਰਚਰਨ ਰਾਏ ਸ਼ਿੰਗਾਰੀ, ਸਤਵਿੰਦਰ ਅਰੋੜਾ, ਕੁਲਵਿੰਦਰ ਟੋਨੀ, ਦਲਜੀਤ ਥੱਟੀ, ਸੁਰਿੰਦਰ ਸਿੰਘ ਸ਼ਿੰਦਾ ਨਿਜ਼ਾਮੁਦੀਨਪੁਰ, ਜਸਵਿੰਦਰ ਸਿੰਘ ਸਰਪੰਚ, ਆਦਿ ਹਾਜ਼ਰ ਸਨ।

## 19 ਨੂੰ ਜਿੰਪਾ ਦੀ ਰਿਹਾਇਸ਼ ਅੱਗੇ ਦਿੱਤਾ ਜਾਵੇਗਾ ਧਰਨਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੰਯੁਕਤ ਕਿਸਾਨ ਮੋਰਚੇ ਦੇ ਪੰਜਾਬ ਚੈਪਟਰ ਦੀ ਇਕ ਮੀਟਿੰਗ ਕਾਮਰੇਡ ਗੁਰਬਖਸ਼ ਸਿੰਘ ਦੀ ਪ੍ਰਧਾਨਗੀ ਹੇਠ ਹੁਸ਼ਿਆਰਪੁਰ ਵਿਖੇ ਹੋਈ। ਇਸ ਵਿੱਚ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਹੋਇਆ। ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਹਰਬੰਸ ਸਿੰਘ ਸੰਘਾ ਨੇ ਪ੍ਰੈੱਸ ਨੂੰ ਮੀਟਿੰਗ ਦੀ ਕਾਰਵਾਈ ਜਾਰੀ ਕਰਦੇ ਹੋਏ ਦੱਸਿਆ ਕਿ ਐਸ ਕੇ ਐਮ ਪੰਜਾਬ ਦੇ ਫੈਸਲੇ ਅਨੁਸਾਰ 19 ਅਗਸਤ ਨੂੰ ਬ੍ਰਮ ਸ਼ੰਕਰ ਜਿੰਪਾ ਕੈਬਨਿਟ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ 11ਵਜੇ ਸਵੇਰ ਤੋਂ ਸ਼ਾਮ 4 ਵਜੇ ਤੱਕ ਦਿੱਤਾ ਜਾਵੇਗਾ । ਇਸ ਤੋਂ ਪਹਿਲਾਂ ਡਾ. ਰਵਜੋਤ ਐਮ ਐਲ ਏ ਜੀ ਨੂੰ ਚਿਤਾਵਨੀ ਪੱਤਰ 10 ਵਜੇ ਦਿੱਤਾ ਜਾਵੇਗਾ। ਸਾਰੀਆਂ ਹਾਜ਼ਰ ਜਥੇਬੰਦੀਆਂ ਨੇ ਵਿਸ਼ਵਾਸ ਦਿੱਤਾ ਕਿ ਉਹ ਪੂਰੀ ਸਮਰੱਥਾ ਨਾਲ ਇਸ ਧਰਨੇ ਵਿੱਚ ਹਾਜ਼ਰੀ ਲਗਾਉਣਗੀਆਂ। ਇਸ ਮੀਟਿੰਗ 'ਚ ਕਮਲਜੀਤ ਸਿੰਘ ਰਾਜਪੁਰ ਭਾਈਆਂ, ਹਰਮੇਸ਼ ਸਿੰਘ ਢੇਸੀ, ਜਸਵਿੰਦਰ ਸਿੰਘ ਦਿਹਾਣਾ, ਪਰਸਨ ਸਿੰਘ ਲੈਹਲੀ, ਗੁਰਬਖਸ਼ ਸਿੰਘ ਸੀਸ, ਇੰਦਰਪਾਲ ਸਿੰਘ, ਓਮ ਸਿੰਘ ਸਟਿਆਨਾ, ਬਲਜੀਤ ਸਿੰਘ ਬੱਡੋਂ, ਗੁਰਮੇਸ਼ ਸਿੰਘ, ਦਵਿੰਦਰ ਸਿੰਘ ਕੱਕੋਂ, ਸਤਪਾਲ ਸਿੰਘ ਮਿਰਜਾਪੁਰ, ਸਤਨਾਮ ਸਿੰਘ, ਜਰਨੈਲ ਸਿੰਘ ਅਤੇ ਹਰਬੰਸ ਸਿੰਘ ਸੰਘਾ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਮਨੀਪੁਰ ਅਤੇ ਹਰਿਆਣੇ ਦੇ ਨੂਹ ਇਲਾਕੇ ਵਿੱਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਤੇ ਸਰਕਾਰਾਂ ਦੀ ਨਾਕਾਮੀ ਦੀ ਨਿੰਦਿਆ ਕੀਤੀ ਗਈ।

## ਓ ਪੀ ਬਿੱਟੂ ਦੀ ਨਿਯੁਕਤੀ ਨਾਲ ਪੀਠ ਨੂੰ ਮਿਲੀ ਹੋਰ ਮਜ਼ਬੂਤੀ : ਬਾਲੀ



**ਜਲੰਧਰ (ਰਜੇਸ਼ ਥਾਪਾ)**- ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂ ਪੀਠ ਨੂੰ ਉਸ ਵੇਲੇ ਭਰਮਾਂ ਹੁੰਗਾਰਾ ਮਿਲਿਆ ਜਦ ਫਗਵਾੜਾ ਤੋਂ ਤੇਜ਼ ਤਰਾਰ ਆਗੂ ਅਤੇ ਸਾਬਕਾ ਕੌਂਸਲਰ ਓਮ ਪ੍ਰਕਾਸ਼ ਬਿੱਟੂ ਨੂੰ ਪੀਠ ਦਾ ਸੂਬਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪੀਠ ਦੇ ਸੂਬਾ ਪ੍ਰਧਾਨ ਮਨਜੀਤ ਬਾਲੀ ਨੇ ਕਿਹਾ ਕਿ ਬਿੱਟੂ ਦੀਆਂ ਸਮਾਜ ਪ੍ਰਤੀ ਸੇਵਾਵਾਂ ਅਤੇ ਗਤੀਵਿਧੀਆਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਇਸ ਅਹਿਮ ਜ਼ਿੰਮੇਵਾਰੀ ਉੱਤੇ ਨਿਯੁਕਤ ਕਰਨ ਦਾ ਫੈਸਲਾ ਲਿਆ ਹੈ ਅਤੇ ਇਹ ਫੈਸਲਾ ਪੀਠ ਦੀ ਰਾਸ਼ਟਰੀ ਟੀਮ ਅਤੇ ਹਾਈ ਕਮਾਨ ਨਾਲ ਚਰਚਾ ਤੋਂ ਬਾਅਦ ਲਿਆ ਗਿਆ ਹੈ। ਆਪਣੀ ਨਿਯੁਕਤੀ 'ਤੇ ਓਮ ਪ੍ਰਕਾਸ਼ ਬਿੱਟੂ ਨੇ ਕਿਹਾ ਕਿ ਸੰਗਠਨ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ ਉਹ ਤਹਿ ਦਿਲੋਂ ਉਸ ਨੂੰ ਨਿਭਾਉਣਗੇ ਅਤੇ ਪੀਠ ਦੀ ਮਜ਼ਬੂਤੀ ਲਈ ਦਿਨ ਰਾਤ ਕੰਮ ਕਰਨਗੇ। ਇਸ ਮੌਕੇ ਪੀਠ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਮੋਹਿਤ ਭਾਰਦਵਾਜ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਭੁਪਿੰਦਰ ਕੁਮਾਰ ਰਾਜੂ ਅਤੇ ਐਡਵੋਕੇਟ ਏਕਮ ਗਿੱਲ ਵੀ ਹਾਜ਼ਰ ਸਨ।

## ਹੈਰੋਇਨ ਦੀ ਸਪਲਾਈ ਦੇਣ ਆਇਆ ਪੁਲਸ ਨੇ ਕੀਤਾ ਕਾਬੂ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਦਿਹਾਤੀ ਦੇ ਸੀ ਆਈ ਏ ਸਟਾਫ ਤੇ ਥਾਣਾ ਲਾਂਬੜਾ ਦੀ ਪੁਲਸ ਨੇ ਅਮ੍ਰਿਤਸਰ ਤੋਂ ਸਪਲਾਈ ਦੇਣ ਆਏ ਇੱਕ ਨਸ਼ਾ ਤਸਕਰ ਨੂੰ 160 ਗਰਾਮ ਹੈਰੋਇਨ ਨਾਲ ਪਿੰਡ ਨਿੱਝਰਾਂ ਧਾਲੀਵਾਲ ਕਾਦੀਆਂਦੀ ਸੜਕ ਤੋ ਕਾਬੂ ਕੀਤਾ। ਜਲੰਧਰ ਦਿਹਾਤੀ ਸੀ ਆਈ ਏ ਪੁਸ਼ਪਾ ਬਾਲੀ ਨੇ ਦੱਸਿਆ ਕਿ ਥਾਣਾ ਲਾਂਬੜਾ ਦੀ ਪੁਲਸ ਪਾਰਟੀ ਨਾਲ ਸ਼ਾਮਲ ਐਸ ਆਈ ਭੁਪਿੰਦਰ ਸਿੰਘ ਨਾਲ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ। ਪਿੰਡ ਨਿੱਝਰਾਂ ਬੱਸ ਅੱਡੇ ਦੇ ਕੋਲ ਇੱਕ ਮੋਨਾ ਨੌਜਵਾਨ ਖੜ੍ਹਾ ਦਿਖਾਈ ਦਿੱਤਾ ਜਿਹੜਾ ਪੁਲਿਸ ਪਾਰਟੀ ਨੂੰ ਦੇਖ ਕੇ ਤੇਜ਼ ਤੇਜ਼ ਕਦਮਾਂ ਨਾਲ ਤੁਰਨ ਲੱਗ ਪਿਆ। ਥੋੜ੍ਹੀ ਦੂਰ ਉਸ ਨੇ ਕਾਲਾ ਸੰਘਿਆਂ ਸਾਇਡ ਨੂੰ ਮੁੜ ਕੇ ਆਪਣੇ ਪਜਾਮੇ ਵਿੱਚੋਂ ਇੱਕ ਪਲਾਸਟਿਕ ਦਾ ਲਿਫਾਫਾ ਕੱਢ ਕੇ ਕੱਚੀ ਥਾਂ 'ਤੇ ਸੁੱਟਿਆ। ਜਿਸ ਤੋ ਬਆਦ ਪੁਲਸ ਉਸ ਵੱਲੋਂ ਸੁੱਟੇ ਲਿਫਾਫੇ ਨੂੰ ਜਦੋਂ ਚੁੱਕ ਕੇ ਚੈਕ ਕੀਤਾ ਤਾਂ ਉਸ ਵਿੱਚ 1 ਸੌ 60 ਗਰਾਮ ਹੈਰੋਇਨ ਨਿਕਲੀ ਜਿਸ ਤੋਂ ਬਾਅਦ ਪੁਲਸ ਨੇ ਇਸ ਨੌਜਵਾਨ ਨੂੰ ਮੌਕੇ 'ਤੇ ਕਾਬੂ ਕਰ ਲਿਆ। ਜਦੋਂ ਇਸ ਤੋਂ ਪੁੱਛਗਿੱਛ ਕੀਤੀ ਤਾਂ ਇਸ ਦੀ ਪਹਿਚਾਣ ਕਰਨ ਪੁੱਤਰ ਉਤਮ ਚੰਦ ਨਿਵਾਸੀ ਢਪੱਈ ਨੇੜੇ ਮੱਛੀ ਵਾਲੀ ਗਲੀ ਥਾਣਾ ਹਕੀਮਾਂ ਗੇਟ ਜ਼ਿਲ੍ਹਾ ਅੰਮ੍ਰਿਤਸਰ ਦੇ ਤੌਰ 'ਤੇ ਹੋਈ। ਇਸ ਦੇ ਖਿਲਾਫ ਮਾਮਲਾ ਥਾਣਾ ਲਾਂਬੜਾ ਵਿੱਚ ਦਰਜ ਕਰਕੇ ਇਸ ਹੈਰੋਇਨ ਤਸਕਰ ਨੂੰ ਗ੍ਰਿਫਤਾਰ ਕਰ ਲਿਆ।

## ਲੁੱਟ-ਖੋਹ ਦੀਆਂ ਵਾਰਦਾਤਾਂ ਸੰਬੰਧੀ ਵਿਧਾਇਕ ਨੇ ਲੋਕਾਂ ਦੇ ਸੁਣੇ ਦੁਖੜੇ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਭੋਗਪੁਰ ਸ਼ਹਿਰ ਅਤੇ ਇਲਾਕੇ ਵਿੱਚ ਹੋ ਰਹੀਆਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਤੋਂ ਸ਼ਹਿਰ ਤੇ ਇਲਾਕਾ ਨਿਵਾਸੀ ਤੰਗ ਪਰੇਸ਼ਾਨ ਹਨ। ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਭੋਗਪੁਰ ਸ਼ਹਿਰ 'ਚ ਲੁਟੇਰਿਆਂ ਨੇ ਕਾਨੂੰਨ ਵਿਵਸਥਾ ਵਿਗਾੜ ਕੇ ਰੱਖ ਦਿੱਤੀ ਹੈ। ਇਸ ਸੰਬੰਧੀ ਹਲਕਾ ਆਦਮਪੁਰ ਤੋਂ ਕਾਂਗਰਸੀ ਵਿਧਾਇਕ ਸੁਖਵਿੰਦਰ ਕੋਟਲੀ ਨੇ ਦਾਣਾ ਮੰਡੀ ਸ਼ਹਿਰ ਵਾਸੀਆਂ ਅਤੇ ਦੁਕਾਨਦਾਰਾਂ ਦੇ ਦੁਖੜੇ ਸੁਣੇ ਤੇ ਲੁੱਟ ਦਾ ਸ਼ਿਕਾਰ ਹੋਏ ਲੋਕਾਂ ਦੇ ਨਾਲ ਗੱਲਬਾਤ ਕੀਤੀ। ਉਨ੍ਹਾਂ ਨੂੰ ਹੌਸਲਾ ਦਿੱਤਾ ਅਤੇ ਪੁਲਸ ਪ੍ਰਸ਼ਾਸਨ ਨੂੰ ਦੋ ਦਿਨ ਦਾ ਸਮਾਂ ਦਿੱਤਾ ਕਿ ਉਹ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ 'ਤੇ ਨੱਥ ਪਾਉਣ ਨਹੀਂ ਤਾਂ ਲੋਕਾਂ ਦੀ ਸੁਰੱਖਿਆ ਲਈ ਸਖਤ ਤੇ ਠੋਸ ਕਦਮ ਚੁੱਕੇ ਜਾਣਗੇ। ਵਿਧਾਇਕ ਕੋਟਲੀ ਨੇ ਡੀ ਐਸ ਪੀ ਆਦਮਪੁਰ ਵਿਜੇ ਕੁੰਵਰ ਪ੍ਰਤਾਪ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਕੀਤੀ ਅਤੇ ਦੱਸਿਆ ਕੀ ਭੋਗਪੁਰ ਸ਼ਹਿਰ ਅਤੇ ਇਲਾਕੇ ਵਿੱਚ ਹਰ ਦੁਕਾਨਦਾਰ ਅਤੇ ਨਿਵਾਸੀ ਭੈਭੀਤ ਹਨ। ਉਨ੍ਹਾਂ ਦੇ ਮਨ ਅੰਦਰ ਜੋ ਲੁਟੇਰਿਆਂ ਦਾ ਭੈਅ ਬਣਿਆ ਹੈ ਉਸ ਨੂੰ ਕੱਢਿਆ ਜਾ ਸਕੇ। ਇਸ ਮੌਕੇ ਮਾਰਕੀਟ ਐਸੋਸੀਏਸ਼ਨ ਭੋਗਪੁਰ ਦੇ ਸਾਰੇ ਪ੍ਰਧਾਨ, ਨਗਰ ਕੌਂਸਲ ਭੋਗਪੁਰ ਸਾਬਕਾ ਪ੍ਰਧਾਨ ਰਾਜ ਕੁਮਾਰ ਰਾਜਾ, ਭੁਪਿੰਦਰ ਸਿੰਘ ਸੈਣੀ ਸਾਬਕਾ ਚੇਅਰਮੈਨ ਸੈਣੀ ਭਲਾਈ ਬੋਰਡ ਪੰਜਾਬ, ਮੁਨੀਸ਼ ਅਰੋੜਾ ਐਮ ਸੀ, ਟੋਨੀ ਸ਼ਰਮਾ, ਅਸ਼ਵਿਨ, ਸਰਪੰਚ ਜਤਿੰਦਰ ਸਿੰਘ, ਦਰਸ਼ਨ ਬੇਦੀ, ਰੌਕੀ ਬੇਦੀ, ਪਵਨ ਕੁਮਾਰ ਮੀਟ ਸ਼ਾਪ, ਬੁੱਧੀ ਰਾਜਾ ਕਲਾਥ ਹਾਊਸ, ਅਮਿਤ ਅਰੋੜਾ, ਪਿੰਕਾ ਰੋੜਾ ਅਤੇ ਹੋਰ ਇਲਾਕਾ ਨਿਵਾਸੀ ਤੇ ਦੁਕਾਨਦਾਰ ਹਾਜ਼ਰ ਸਨ

## ਪੈਨਸਨਰਜ਼ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਦੇ ਅਹੁਦੇਦਾਰਾਂ ਦੀ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)**-ਪੈਨਸਨਰਜ਼ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਕਪੂਰਥਲਾ ਦੀ ਸਾਂਝੀ ਮੀਟਿੰਗ ਪ੍ਰਧਾਨ ਰੇਸ਼ਮ ਲਾਲ ਦੀ ਅਗਵਾਈ ਹੇਠ ਹੋਈ, ਜਿਸ ਵਿਚ ਜਥੇਬੰਦੀ ਦੀਆਂ ਮੁੱਖ ਮੰਗਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਇਸ ਦੌਰਾਨ ਸਕੱਤਰ ਧੀਰ ਸਿੰਘ ਤੇ ਜੁਆਇੰਟ ਸਕੱਤਰ ਰਾਮਸਰਨ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਪੈਨਸ਼ਨਰਾਂ ਤੇ 200 ਸੌ ਰੁਪਏ ਡਿਵੈਲਪਮੈਂਟ ਫੰਡ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਮੂਹ ਪੈਨਸ਼ਨਰਾਂ ਨੂੰ 2.59 ਗੁਣਾਕ ਨਾਲ ਪੈਨਸ਼ਨ ਵਿੱਚ ਸੋਧ ਕਰਨਾ, ਮਹਿੰਗਾਈ ਭੱਤਾ ਸਮੇਂ ਸਿਰ ਜਾਰੀ ਕਰਨਾ ਅਤੇ ਉਸ ਦਾ ਬਕਾਇਆ ਦੇਣਾ, ਕੈਸ਼ਲੈਸ ਮੈਡੀਕਲ ਸਕੀਮ ਮੁੜ ਚਾਲੂ ਕਰਨਾ, ਪੈਨਸ਼ਨਰਾਂ ਨੂੰ ਬਿਜਲੀ ਯੂਨਿਟਾਂ 'ਚ ਰਿਆਇਤ ਦੇਣਾ ਆਦਿ। ਸਟੇਜ ਸਕੱਤਰ ਦੀ ਭੂਮਿਕਾ ਬਲਦੇਵ ਰਾਜ ਸਕੱਤਰ ਸ਼ਹਿਰੀ ਮੰਡਲ ਨੇ ਬਾਖੂਬੀ ਨਿਭਾਈ। ਅੰਤ 'ਚ ਜਥੇਬੰਦੀ ਦੇ ਪ੍ਰਧਾਨ ਰੇਸ਼ਮ ਲਾਲ ਮਾਨ ਨੇ ਕਿਹਾ ਕਿ ਸਰਕਾਰ ਮੰਗਾਂ ਮੰਨਣ ਨੂੰ ਟਾਲਮਟੋਲ ਕਰਦੀ ਹੈ ਤਾਂ ਮੈਂਬਰਾਂ ਨੂੰ ਲਾਮਬੰਦ ਕਰਕੇ ਸੰਘਰਸ਼ ਵਾਸਤੇ ਤਿਆਰ ਕੀਤਾ ਜਾਵੇਗਾ। ਉਹਨਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ 200 ਰੁਪਏ ਡਿਵੈਲਪਮੈਂਟ ਫੰਡ ਵਾਪਸ ਲਿਆ ਜਾਵੇ। ਇਸ ਮੌਕੇ ਮਲਕੀਤ ਰਾਮ, ਰਾਮ ਸਰਨ, ਮੁਖਤਿਆਰ ਸਿੰਘ, ਸਰਬਜੀਤ ਕੌਰ, ਧੀਰ ਸਿੰਘ, ਮਹਾਰਾਜ ਦੀਨ, ਸੱਜਣ ਸਿੰਘ, ਜਸਵੀਰ ਸਿੰਘ, ਲਖਵਿੰਦਰ ਸਿੰਘ, ਰਣਜੀਤ ਸਿੰਘ, ਸੁੱਖਵਿੰਦਰ ਸਿੰਘ, ਬਲਕਾਰ ਸਿੰਘ, ਹਰਬੰਸ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਵਾਇਤੀ ਢੰਗ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਕਿਹਾ ਕਿ ਇਹ ਬਹਤ ਹੀ ਮਾਣ ਵਾਲੀ ਗੱਲ ਹੈ ਕਿ ਸੈਂਕੜੇ ਵਿਦਿਆਰਥਣਾਂ ਵਾਲੇ ਇਸ ਸਰਕਾਰੀ ਕੰਨਿਆ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਕਿਹਾ ਕਿ ਇਨ੍ਹਾਂ ਤਿਉਹਾਰਾਂ ਨੂੰ ਮਨਾਉਣ ਨਾਲ ਤੁਸੀਂ ਸਾਰੇ ਪੰਜਾਬੀ ਵਿਰਸੇ ਤੋਂ ਜਾਣੂੰ ਹੁੰਦੇ ਹੋ ਜੋ ਕਿ ਤੁਹਾਨੂੰ ਜੀਵਨ ਵਿੱਚ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣੇ ਰਹਿਣ ਵਿੱਚ ਮਦਦ ਕਰਦਾ ਹੈ ਤੇ ਵਿਰਸੇ ਨਾਲ ਜੋੜੀ ਰੱਖਦਾ ਹੈ। ਇਸ ਮੌਕੇ ਸਕੂਲੀ ਵਿਦਿਆਰਥਣਾਂ ਵੱਲੋਂ ਸਕੂਲ ਵਿੱਚ ਪਾਈਆਂ ਪੀਘਾਂ ਝੂਟ ਕੇ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਤੀਆਂ ਦੇ ਤਿਉਹਾਰ ਦੀ ਰੌਣਕ ਵਿੱਚ ਖੂਬ ਵਾਧਾ ਕੀਤਾ ਗਿਆ। ਜਦਕਿ ਅਧਿਆਪਕਾਵਾਂ ਵੱਲੋਂ ਵੀ ਗਿੱਧਾ ਪਾ ਕੇ ਸਾਉਣ ਦੀਆਂ ਤੀਆਂ ਦੇ ਰੰਗ ਵਿੱਚ ਚੋਖਾ ਵਾਧਾ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਪਹੁੰਚੇ ਐਸ ਐਮ ਸੀ ਮੈਂਬਰਾਂ ਵੱਲੋਂ ਵੀ ਸਕੂਲੀ ਵਿਦਿਆਰਥਣਾਂ ਤੇ ਅਧਿਆਪਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

## ਕਿਸਾਨਾਂ ਲਈ ਬਲਾਕ ਪੱਧਰੀ ਟ੍ਰੇਨਿੰਗ ਤੇ ਜਾਗਰੂਕਤਾ ਕੈਂਪ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬਾਗਬਾਨੀ ਵਿਭਾਗ ਵੱਲੋਂ ਜ਼ਿਲ੍ਹੇ ਵਿਚ ਕੌਮੀ ਬਾਗਬਾਨੀ ਮਿਸ਼ਨ ਸਕੀਮ ਅਧੀਨ ਸਿਟਰਸ ਅਸਟੇਟ ਛਾਉਣੀ ਕਲਾਂ ਵਿਖੇ ਬਲਾਕ ਪੱਧਰੀ ਟ੍ਰੇਨਿੰਗ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ 72 ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਬਾਗਬਾਨੀ ਵਿਭਾਗ ਦੇ ਮਾਹਿਰਾਂ ਵੱਲੋਂ ਹਾਜ਼ਰ ਕਿਸਾਨਾਂ ਨੂੰ ਮਿੱਟੀ ਅਤੇ ਪੱਤਾ ਪਰਖ ਦੀ ਮਹੱਤਤਾ, ਨਵੇਂ ਬਾਗ ਲਗਾਉਣ ਅਤੇ ਪੁਰਾਣੇ ਬਾਗਾਂ ਦੀ ਸਾਂਭ-ਸੰਭਾਲ ਸੰਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਡਾਇਰੈਕਟਰ ਬਾਗਬਾਨੀ, ਹੁਸ਼ਿਆਰਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀ ਵਿਭਿੰਨਤਾ ਵਿਚ ਬਾਗਬਾਨੀ ਦਾ ਵਿਸ਼ੇਸ਼ ਮਹੱਤਵ ਹੈ ਅਤੇ ਕਿਸਾਨਾਂ ਨੂੰ ਆਪਣੀ ਆਮਦਨ ਵਿਚ ਵਾਧਾ ਕਰਨ ਲਈ ਬਾਗਬਾਨੀ ਧੰਦਾ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕੌਮੀ ਬਾਗਬਾਨੀ ਮਿਸ਼ਨ ਸਕੀਮ ਅਧੀਨ ਨਵੇਂ ਬਾਗ ਲਗਾਉਣ, ਪੁਰਾਣੇ ਬਾਗਾਂ ਨੂੰ ਮੁੜ ਸੁਰਜੀਤ ਕਰਨ, ਖੁੰਬਾਂ ਦੀ ਪੈਦਾਵਾਰ, ਸ਼ਹਿਦ ਦੀਆਂ ਮੱਖੀਆਂ ਦਾ ਧੰਦਾ, ਫੁੱਲਾਂ ਸਬਜ਼ੀਆਂ ਦੀ ਸੁਰੱਖਿਅਤ ਖੇਤੀ ਲਈ ਪ੍ਰੋਟੈਕਟਿਡ ਕਲਟੀਵੇਸ਼ਨ, ਹਾਈਬ੍ਰਿਡ ਸਬਜ਼ੀਆਂ, ਛੋਟੀ ਮਸ਼ੀਨਰੀ (ਸਪਰੇ ਪੰਪ, ਪਾਵਰ ਟਿੱਲਰ, ਮਿੰਨੀ ਟਰੈਕਟਰ ਆਦਿ), ਕੋਲਡ ਸਟੋਰ, ਪੈਕ ਹਾਊਸ ਆਦਿ 'ਤੇ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ "ਪਹਿਲਾਂ ਆਓ ਪਹਿਲਾਂ ਪਾਓ" ਆਧਾਰ 'ਤੇ ਉਪਦਾਨ ਦਿੱਤਾ ਜਾਂਦਾ ਹੈ। ਇਸ ਮੌਕੇ ਬਾਗਬਾਨੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਕੌਮੀ ਬਾਗਬਾਨੀ ਮਿਸ਼ਨ ਸਕੀਮ, ਰਾਸ਼ਟਰੀ ਕ੍ਰਿਸ਼ੀ ਵਿਗਿਆਨ ਯੋਜਨਾ, ਸਿਟਰਸ ਅਸਟੇਟਾਂ, ਵਿਭਾਗੀ ਫਲਦਾਰ ਨਰਸਰੀਆਂ, ਸੈਂਟਰ ਆਫ ਐਕਸੀਲੈਂਸ ਫਾਰ ਫਰੂਟਸ (ਸਿਟਰਸ) ਖਨੌੜਾ ਅਧੀਨ ਕਿਸਾਨਾਂ ਨੂੰ ਦਿੱਤੇ ਜਾ ਰਹੇ ਵਧੀਆ ਕਿਸਮ ਦੇ ਫਲਦਾਰ ਬੂਟਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਡਾ. ਜਸਪਾਲ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ, ਸਿਟਰਸ ਅਸਟੇਟ ਭੂੰਗਾ (ਹਰਿਆਣਾ) ਨੇ ਦੱਸਿਆ ਕਿ ਅਸਟੇਟਾਂ ਪਾਸੋਂ ਕਿਸਾਨ ਆਪਣੀ ਸਹੂਲਤ ਲਈ ਟਰੈਕਟਰ, ਰੋਟਾਵੇਟਰ, ਸਪਰੇਅ ਪੰਪ, ਹਾਈਡ੍ਰੋਲਿਕ ਪਰੂਨਰ ਅਤੇ ਹੋਰ ਮਸ਼ੀਨਰੀ ਕਿਰਾਏ 'ਤੇ ਲਿਜਾ ਸਕਦੇ ਹਨ, ਜਿਸ ਨਾਲ ਉਨ੍ਹਾਂ ਦਾ ਖਰਚਾ ਘਟਦਾ ਹੈ ਅਤੇ ਆਮਦਨ ਵਿਚ ਵਾਧਾ ਹੁੰਦਾ ਹੈ। ਕੈਂਪ ਦੌਰਾਨ ਵਿਭਾਗੀ ਅਧਿਕਾਰੀ ਡਾ. ਸ਼ੰਮੀ ਕੁਮਾਰ, ਸਹਾਇਕ ਡਾਇਰੈਕਟਰ ਬਾਗਬਾਨੀ, ਡਾ.ਪ੍ਰੇਮ ਸਿੰਘ, ਬਾਗਬਾਨੀ ਵਿਕਾਸ ਅਫਸਰ, ਡਾ.ਪਰਮਿੰਦਰ ਸਿੰਘ, ਬਾ.ਵਿ.ਅਫਸਰ, ਡਾ.ਵਿਕਰਮ ਵਰਮਾ, ਬਾ.ਵਿ.ਅਫਸਰ, ਡਾ.ਹਰਜੀਤ ਸਿੰਘ, ਬਾ.ਵਿ. ਅਫਸਰ ਅਤੇ ਡਾ. ਲਖਬੀਰ ਸਿੰਘ, ਬਾ.ਵਿ.ਅਫਸਰ ਅਤੇ ਸਮੂਹ ਕਰਮਚਾਰੀ ਹਾਜ਼ਰ ਸਨ। ਇਸ ਤੋਂ ਇਲਾਵਾ ਦੋਵਾਂ ਸਿਟਰਸ ਅਸਟੇਟਾਂ ਦੇ ਸਮੂਹ ਐਗਜ਼ੈਕਟਿਵ ਕਮੇਟੀ ਮੈਂਬਰਾਂ ਨੇ ਵੀ ਭਾਗ ਲਿਆ।

## ਜਗਦੀਪ ਸਿੱਧੂ ਦੀ ਪੁਸਤਕ 'ਪੌੜੀਆਂ ਉਤਰਦੀ ਛਾਂ' 'ਤੇ ਵਿਚਾਰ-ਚਰਚਾ




**ਖਰੜ** : ਸਾਹਿਤਕ ਮੰਚ ਖਰੜ ਵੱਲੋਂ ਅੱਜ ਸੀਨੀਅਰ ਸਿਟੀਜ਼ਨ ਕੌਂਸਲ ਸੰਨੀ ਇਨਕਲੇਵ ਖਰੜ ਵਿਖੇ ਉੱਘੇ ਕਵੀ ਜਗਦੀਪ ਸਿੱਧੂ ਦੀ ਚਰਚਿਤ ਕਾਵਿ-ਕਿਤਾਬ " ਪੌੜੀਆਂ ਉਤਰਦੀ ਛਾਂ" ਬਾਰੇ ਵਿਚਾਰ ਚਰਚਾ ਕਰਵਾਈ ਗਈ। ਮੰਚ ਦੇ ਪ੍ਰਧਾਨ ਤਰਸੇਮ ਬਸਰ ਨੇ ਸਭ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਜਗਦੀਪ ਸਿੱਧੂ ਨੇ ਆਪਣੀਆਂ ਚੁਣੀਂਦਾ ਕਵਿਤਾਵਾਂ ਸਰੋਤਿਆਂ ਸਾਹਮਣੇ ਪੇਸ਼ ਕੀਤੀਆਂ। ਉਪਰੰਤ ਵਿਚਾਰ ਚਰਚਾ ਦਾ ਆਰੰਭ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ, ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਕੀਤਾ। ਉਨ੍ਹਾਂ ਕਿਹਾ ਕਿ ਜਗਦੀਪ ਦੀ ਕਵਿਤਾ ਜ਼ਿੰਦਗੀ ਦੀ ਕਿਸੇ ਆਸ ਨਾਲ ਬੱਝੀ ਕਵਿਤਾ ਹੈ। ਇਹ ਕਵਿਤਾ ਇਕ ਨਵੀਂ ਵਿਚਾਰਧਾਰਾ ਪੈਦਾ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਛੋਟੇ ਛੋਟੇ ਬਿਰਤਾਂਤ ਸਾਹ ਲੈਂਦੇ ਨੇ। ਪ੍ਰਿੰਸੀਪਲ ਸਤਨਾਮ ਸਿੰਘ ਸੋਕਰ ਨੇ ਕਿਹਾ ਕਿ ਇਹ ਕਵਿਤਾਵਾਂ ਤੁਹਾਨੂੰ ਟੁੰਬਦੀਆਂ ਹੋਈਆਂ ਕਿਸੇ ਹੋਰ ਹੀ ਸੰਸਾਰ ਵਿਚ ਲੈ ਜਾਂਦੀਆਂ ਹਨ, ਜਿੱਥੇ ਮਹੁੱਬਤ ਹੈ, ਆਸ ਹੈ, ਧਰਵਾਸ ਹੈ, ਬਚਪਨ ਤੇ ਬੁਢਾਪਾ ਹੈ। ਇਸ ਤੋਂ ਬਾਅਦ ਉੱਘੇ ਆਲੋਚਕ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਕਿਤਾਬ ਦੀਆਂ ਚੌਹੱਤਰ ਕਵਿਤਾਵਾਂ ਸਿਰਜਣਾ ਵਿੱਚ ਸਮਾਜਕ ਸੁਨੇਹੇ ਹਨ ਅਤੇ ਸੋਹਜ ਵੀ ਹੈ। ਡੂੰਘੀ ਕਾਵਿਕਤਾ ਤੇ ਸੰਵੇਦਨਾ ਹੈ। ਉਨ੍ਹਾ ਅੱਗੇ ਕਿਹਾ ਕਿ ਜਗਦੀਪ ਨਵੇਂ ਸਮੇਂ ਅਨੁਸਾਰ ਨਵੇਂ ਨਵੇਂ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਆਖਰ 'ਚ ਮੁੱਖ ਮਹਿਮਾਨ ਡਾ. ਸੰਜੀਵ ਕੁਮਾਰ ਐਸ.ਡੀ.ਐਮ ਖਮਾਣੋ ਨੇ ਕਿਹਾ ਇਹ ਜੀਵਨ ਦੀ ਸਮੁੱਚਤਾ ਦੀਆਂ ਕਵਿਤਾਵਾਂ ਹਨ। ਪੌੜੀਆਂ ਚੜ੍ਹਨ ਦਾ ਹੀ ਹਰ ਥਾਂ ਹਾਂ ਪੱਖੀ ਪ੍ਰਤੀਕ ਹੈ ਪਰ ਕਿਤਾਬ ਦੇ ਟਾਈਟਲ "ਪੌੜੀਆਂ ਉਤਰਦੀ ਛਾਂ" ਵਿਚ ਵੀ ਇਕ ਸਕੂਨ ਵਿਚ ਪਰਤਣ ਦਾ ਬਿੰਬ ਹੈ। ਮੰਚ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਕਿਤਾਬਾਂ ਭੇਟ ਕਰਕੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਜਨਰਲ ਸਕੱਤਰ ਸੁਰਜੀਤ ਸੁਮਨ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਸਮਾਗਮ ਵਿਚ ਉੱਘੇ ਕਹਾਣੀਕਾਰ ਸਰੂਪ ਸਿਆਲਵੀ, ਇੰਦਰਜੀਤ ਪ੍ਰੇਮੀ, ਅਲਗੋਜ਼ਾਵਾਦਕ ਕਰਮਜੀਤ ਬੱਗਾ, ਸ਼ਾਇਰ ਹਰਨਾਮ ਡੱਲਾ ਆਦਿ ਨੇ ਸ਼ਿਰਕਤ ਕੀਤੀ।

## ਵਿਕਾਸ ਕਾਰਜ ਕਾਂਗਰਸ ਸਰਕਾਰ ਵੱਲੋਂ ਹੀ ਸ਼ੁਰੂ ਕੀਤੇ ਹੋਏ ਹਨ : ਨਰਿੰਦਰ ਪੰਨੂ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਹਲਕਾ ਸੁਲਤਾਨਪੁਰ ਲੋਧੀ ਦਾ ਵਿਕਾਸ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਦੀ ਅਗਵਾਈ ਹੇਠ ਹੀ ਹੋਇਆ ਹੈ। ਜਿਸ 'ਚ ਸਮਾਰਟ ਸਿਟੀ, ਇੰਪਰੂਵਮੈਂਟ ਟਰੱਸਟ, 4 ਮਾਰਗੀ ਸੜਕਾਂ, ਸੀਵਰੇਜ ਸਿਸਟਮ, ਤਹਿਸੀਲ ਕੰਪਲੈਕਸ ਬਣਾਉਣਾ ਆਦਿ ਹੋਰ ਅਨੇਕਾਂ ਪ੍ਰਾਜੈਕਟ ਕਾਂਗਰਸ ਸਰਕਾਰ ਵੱਲੋਂ 550 ਸਾਲਾਂ ਪ੍ਰਕਾਸ ਪੁਰਬ ਮੌਕੇ ਸ਼ੁਰੂ ਕੀਤੇ ਗਏ ਸਨ। ਇਹਨਾਂ ਸਬਦਾਂ ਦਾ ਪ੍ਰਗਟਾਵਾ ਨਰਿੰਦਰ ਸਿੰਘ ਪੰਨੂ ਕਾਂਗਰਸ ਬਲਾਕ ਪ੍ਰਧਾਨ ਸੁਲਤਾਨਪੁਰ ਲੋਧੀ ਨੇ ਕੀਤਾ। ਉਹਨਾਂ ਕਿਹਾ ਕਿ ਜੋ ਹੁਣ ਹਲਕੇ ਦੇ ਆਗੂਆਂ ਵੱਲੋਂ ਗੁਰਦੁਆਰਾ ਸ੍ਰੀ ਹੱਟ ਸਾਹਿਬ ਰੋਡ 'ਤੇ ਲਗਭਗ 14 ਕਰੋੜ ਰੁਪਏ ਦੀ ਲਾਗਤ ਨਾਲ 14 ਕਿਲੋਮੀਟਰ ਲੰਬੀ ਡਰੇਨ ਪਾਈਪ ਲਾਈਨ ਪਾਉਣ ਦੇ ਕੰਮ ਦੀ ਰਿਬਨ ਕੱਟ ਕੇ ਸ਼ੁਰੂਆਤ ਕਰ ਰਿਹਾ ਹੈ ਉਹ ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ ਦੀ ਦੇਣ ਹੈ ਉਹਨਾਂ ਵੱਲੋਂ ਹੀ ਇਹ ਪ੍ਰੋਜੈਕਟ ਲਿਆਂਦਾ ਗਿਆ ਸੀ। ਉਹਨਾਂ ਹਲਕਾ ਸੁਲਤਾਨਪੁਰ ਲੋਧੀ ਆਗੂਆਂ ਨੂੰ ਲੰਮੇ ਹੱਥੀਂ ਲੈਂਦਾ ਕਿਹਾ ਕਿ ਜਿਹੜੇ ਵੀ ਆਗੂ ਅੱਜ ਵਿਕਾਸ ਕਾਰਜ ਦੀਆਂ ਗੱਲਾਂ ਕਰਦੇ ਹਨ। ਇਹ ਹੀ ਲੋਕ ਬਾਬੇ ਨਾਨਕ ਦੀ ਨਗਰੀ 'ਚ ਵੋਟਾਂ ਵੇਲੇ ਝੂਠ ਬੋਲ ਰਹੇ ਸਨ ਕਿ ਲੱਖਾਂ ਕਰੋੜਾਂ ਰੁਪਏ ਖਾ ਲਏ। ਹੁਣ ਕਿਹੜੇ ਮੂੰਹ ਨਾਲ ਇਹ ਕਾਂਗਰਸ ਸਰਕਾਰ ਵੱਲੋਂ ਮਨਜ਼ੂਰ ਕੀਤੇ ਵਿਕਾਸ ਕਾਰਜਾਂ ਦਾ ਉਦਘਾਟਨ ਕਰ ਰਹੇ ਹਨ।

ਉਹਨਾਂ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਦਕਿ ਹਕੀਕਤ ਇਹ ਹੈ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਪਵਿੱਤਰ ਨਗਰੀ ਦਾ ਵਿਕਾਸ ਨਿਰੰਤਰ ਕੀਤਾ ਅਤੇ ਹੋ ਰਿਹਾ ਹੈ ਜਿਸ ਕਾਰਨ ਹੀ ਹਲਕੇ ਦੇ ਪਿੰਡਾਂ ਤੇ ਸ਼ਹਿਰ ਦੀ ਨੁਹਾਰ ਬਦਲੀ ਹੈ। ਇਸੇ ਤਰ੍ਹਾਂ 14 ਕਰੋੜ ਰੁਪਏ ਦੀ ਲਾਗਤ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਦੇ ਕੰਮ ਸਹਿਰ ਅੰਦਰ ਡਰੇਨ ਪਾਈਪ ਲਾਈਨ ਤੋਂ ਇਲਾਵਾ ਵਾਟਰ ਸਪਲਾਈ, ਸੀਵਰੇਜ ਦਾ ਕਾਰਜ ਇਹ ਸਾਰੇ ਵਿਕਾਸ ਕਾਰਜ ਕਾਂਗਰਸ ਸਰਕਾਰ ਵੱਲੋਂ ਹੀ ਸ਼ੁਰੂ ਕੀਤੇ ਹੋਏ ਹਨ। ਆਮ ਆਦਮੀ ਪਾਰਟੀ ਦੀ ਤਾਂ ਉਹ ਗੱਲ ਹੋਈ 'ਪੱਲੇ ਨਾ ਧੇਲਾ ਕਰਦੀ ਮੇਲਾ ਮੇਲਾ'। ਉਹਨਾਂ ਕਿਹਾ ਕਿ ਸੁਲਤਾਨਪੁਰ ਲੋਧੀ ਹਲਕਾ ਨਿਵਾਸੀਆਂ ਨੇ ਇਹ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਹੋਵੇਗਾ ਕਿ ਸਾਡੇ ਬਾਬੇ ਨਾਨਕ ਦੀ ਨਗਰੀ ਨੂੰ ਸਮਾਰਟ ਸਿਟੀ ਦਾ ਦਰਜਾ ਮਿਲੇਗਾ। ਹਲਕੇ ਅੰਦਰ 21 ਨਵੇਂ ਪੁਲਾਂ ਤੋਂ ਇਲਾਵਾ ਹਰੇਕ ਪੇਂਡੂ ਲਿੰਕ ਸੜਕ ਨੂੰ 18 ਫੁੱਟ ਚੌੜਾ ਕਰ ਦਿੱਤਾ ਹੈ, ਪਿੰਡਾਂ 'ਚ ਥਾਪਰ ਟਰੀਟਮੈਂਟ ਪਲਾਂਟ ਲਗਾ ਕੇ ਛੱਪੜਾਂ ਦਾ ਨਵੀਨੀਕਰਨ, ਪਿੰਡਾਂ 'ਚ ਸੁੰਦਰ ਪਾਰਕ ਤੇ ਐੱਲ ਈ ਡੀ ਲਾਈਟਾਂ ਤੋਂ ਇਲਾਵਾ ਸੀਵਰੇਜ ਪਾਣੀ ਦੀ ਸਮੱਸਿਆ ਨੂੰ ਦੂਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸ ਆਗੂ ਹਾਜ਼ਰ ਸਨ।

## ਕਬੱਡੀ ਕੱਪ ਤੇ ਕੁਸ਼ਤੀ ਕਰਵਾਉਣ ਸੰਬੰਧੀ ਯੂਥ ਵੈੱਲਫੇਅਰ ਕਲੱਬ ਦੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੋਬੀ)**- ਯੂਥ ਵੈਲਫੇਅਰ ਕਲੱਬ ਰਜਿ ਪਿੰਡ ਓਇੰਦ ਜ਼ਿਲ੍ਹਾ ਐਵਾਰਡ ਜੇਤੂ ਸੰਬੰਧਤ ਨਹਿਰੂ ਯੁਵਾ ਕੇਂਦਰ ਰੋਪੜ ਦੀ ਇਕ ਅਹਿਮ ਮੀਟਿੰਗ ਗੁੱਗਾ ਜਾਹਰ ਪੀਰ ਦੀ ਯਾਦ ਨੂੰ ਸਮਰਪਤ ਸਾਲਾਨਾ ਕਬੱਡੀ ਕੱਪ ਅਤੇ ਕੁਸ਼ਤੀ ਦੰਗਲ ਕਰਵਾਉਣ ਸੰਬੰਧੀ ਹੋਈ। ਕਲੱਬ ਪ੍ਰਧਾਨ ਕੁਲਦੀਪ ਸਿੰਘ ਓਇੰਦ ਅਤੇ ਲੰਬੜਦਾਰ ਬਹਾਦਰ ਸਿੰਘ ਨੇ ਦੱਸਿਆ ਕਿ ਖੇਡ ਮੇਲਾ ਕਰਵਾਉਣ ਲਈ ਸਮੂਹ ਨਗਰ ਨਿਵਾਸੀਆਂ ਅਤੇ ਕਲੱਬ ਅਹੁਦੇਦਾਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਸਾਲਾਨਾ ਸਮਾਗਮ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 8 ਸਤੰਬਰ ਨੂੰ ਕਬੱਡੀ ਕੱਪ ਅਤੇ 9 ਸਤੰਬਰ ਨੂੰ ਕੁਸ਼ਤੀ ਦੰਗਲ ਕਰਵਾਉਣ ਦਾ ਐਲਾਨ ਕੀਤਾ। ਮੀਟਿੰਗ 'ਚ ਸਿਕੰਦਰ ਸਿੰਘ ਭਗਤ, ਜਸਵੰਤ ਸਿੰਘ ਹੈਪੀ ਪ੍ਰਧਾਨ ਦੁੱਧ ਉਤਪਾਦਕ ਸਭਾ, ਜਗਤਾਰ ਸਿੰਘ ਪੰਚ, ਕਾਹਨਦਾਸ ਸਿੰਘ ਚੇਅਰਮੈਨ, ਗੁਰਪ੍ਰੀਤ ਸਿੰਘ ਕੰਧੋਲਾ, ਬਾਬਾ ਭੁਪਿੰਦਰ ਸਿੰਘ, ਯਾਦਵਿੰਦਰ ਸਿੰਘ ਯਾਦੀ, ਹਰਜਿੰਦਰ ਸਿੰਘ, ਮਨਜੀਤ ਸਿੰਘ ਨੱਤ, ਕੁਲਵੀਰ ਸਿੰਘ ਸਮਰੋਲੀ ਕੁਮੈਂਟੇਟਰ, ਰਣਜੀਤ ਸਿੰਘ, ਜਸਕਰਨ ਸਿੰਘ ਆਰਕੀਟੈਕਟ, ਪਰੀਤਪਾਲ ਸਿੰਘ ਸੂਬੇਦਾਰ, ਮੇਜਰ ਸਿੰਘ ਭਗਤ, ਲੱਖੀ ਪਵਾਰ, ਕਮਲਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਅਸ਼ਵੀਰ ਸਿੰਘ ਆਸ਼ੂ, ਸੁਰਜੀਤ ਸਿੰਘ, ਗੁਰਸ਼ਰਨ ਸਿੰਘ , ਨਰਿੰਦਰਪਰੀਤ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

## ਜਲੰਧਰ ਕੈਂਟ ਤੇ ਫਿਲੌਰ ਵਿਖੇ ਨਵੀਨਤਮ ਰੇਲਵੇ ਸਟੇਸ਼ਨ ਵਿਕਾਸ ਨੂੰ ਦੇਣਗੇ ਵੱਡਾ ਹੁਲਾਰਾ : ਰਿੰਕੂ



**ਜਲੰਧਰ ਕੈਂਟ, ( ਸ਼ੈਲੀ ਐਲਬਰਟ)**-ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਹੈ ਕਿ ਜਲੰਧਰ ਕੈਂਟ ਅਤੇ ਫਿਲੌਰ ਵਿਖੇ ਨਵੀਨਤਮ ਰੇਲਵੇ ਸਟੇਸ਼ਨ ਜਲੰਧਰ ਦੇ ਸਰਵਪੱਖੀ ਵਿਕਾਸ ਨੂੰ ਵੱਡਾ ਹੁਲਾਰਾ ਦੇਣਗੇ। ਅੱਜ ਇਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰੇਲਵੇ ਸਟੇਸ਼ਨਾਂ ਦੇ ਨਵੀਨੀਕਰਨ ਸੰਬੰਧੀ ਕੰਮ ਦੀ ਵੀਡੀਓ ਕਾਨਫਰੰਸ ਰਾਹੀਂ ਸ਼ੁਰੂਆਤ ਮੌਕੇ ਸੰਬੋਧਨ ਕਰਦਿਆਂ ਰਿੰਕੂ ਨੇ ਕਿਹਾ ਕਿ ਇਹ ਇਤਿਹਾਸਕ ਮੌਕਾ ਦੋਆਬਾ ਖਿੱਤੇ ਦੇ ਵਿਕਾਸ ਵਿੱਚ ਮੀਲ ਪੱਥਰ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਰੇਲਵੇ ਸਟੇਸ਼ਨਾਂ ਦੇ ਆਧੁਨਿਕੀਕਰਨ ਨਾਲ ਆਮ ਯਾਤਰੀਆਂ ਦੇ ਨਾਲ-ਨਾਲ ਵਪਾਰ ਨੂੰ ਵੱਡਾ ਹੁਲਾਰਾ ਮਿਲੇਗਾ ਕਿਉਂਕਿ ਇਨ੍ਹਾਂ ਦਾ ਡਿਜ਼ਾਇਨ ਆਮ ਲੋਕਾਂ ਦੀਆਂ ਲੋੜਾਂ ਅਤੇ ਭਵਿੱਖ ਦੀਆਂ ਵਪਾਰਕ ਗਤੀਵਿਧੀਆਂ ਦੇ ਮੱਦੇਨਜ਼ਰ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਤੌਰ ਸੰਸਦ ਮੈਂਬਰ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਜਲੰਧਰ ਜ਼ਿਲ੍ਹੇ ਦੇ ਫਿਲੌਰ ਅਤੇ ਜਲੰਧਰ ਕੈਂਟ ਰੇਲਵੇ ਸਟੇਸ਼ਨਾਂ ਨੂੰ ਇਸ ਵੱਕਾਰੀ ਪ੍ਰੋਜੈਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਜਲੰਧਰ ਕੈਂਟ ਰੇਲਵੇ ਸਟੇਸ਼ਨ ਨੂੰ 98 ਕਰੋੜ ਅਤੇ ਫਿਲੌਰ ਰੇਲਵੇ ਸਟੇਸ਼ਨ ਨੂੰ 24 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਡਿਜ਼ਾਇਨ ਵਿੱਚ ਤਿਆਰ ਕੀਤਾ ਜਾਵੇਗਾ।

## ਸਿਵਲ ਹਸਪਤਾਲ ਬਚਾਉਣ ਲਈ ਕੀਤੀਆਂ ਮੀਟਿੰਗਾਂ ਨੂੰ ਭਰਵਾਂ ਹੁੰਗਾਰਾ




**ਫਿਲੌਰ (ਨਿਰਮਲ)**- ਸਿਵਲ ਹਸਪਤਾਲ ਫਿਲੌਰ ਨੂੰ ਬਚਾਉਣ ਲਈ ਲਾਮਬੰਦੀ ਤਹਿਤ ਪਿੰਡ ਭੈਣੀ, ਅੱਟੀ, ਸੰਤੋਖਪੁਰਾ ਅਤੇ ਰਵਿਦਾਸਪੁਰਾ ਫਿਲੌਰ ਵਿਖੇ ਸਰਪੰਚ ਰਾਮ ਲੁਭਾਇਆ ਭੈਣੀ, ਸਰਪੰਚ ਸੋਹਣ ਲਾਲ ਅੱਟੀ, ਜਸਵੰਤ ਬੋਧ, ਡਾ. ਸੰਦੀਪ ਕੁਮਾਰ, ਡਾ. ਅਸ਼ੋਕ ਕੁਮਾਰ, ਹੰਸ ਕੌਰ, ਅਸ਼ੋਕ ਕੁਮਾਰ, ਰਜਿੰਦਰ ਰਾਣਾ, ਹਨੀ ਸੰਤੋਖਪੁਰਾ, ਸੁਨੀਤਾ ਫਿਲੌਰ, ਸਰੋਜ ਰਾਣੀ, ਕਮਲਜੀਤ ਕੌਰ ਦੀ ਅਗਵਾਈ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿੱਚ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਟੀਮ ਮਾਸਟਰ ਹੰਸ ਰਾਜ, ਵਿਸ਼ਾਲ ਖਹਿਰਾ, ਸਰਪੰਚ ਹਰਬੰਸ ਖਹਿਰਾ, ਜਸਵੰਤ ਬੋਧ, ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਸਰਪੰਚ ਸਰਬਜੀਤ ਭੱਟੀਆਂ, ਅਮਰਜੀਤ ਸਿੰਘ ਮੋਨੂੰ ਪੰਚ ਨੰਗਲ, ਰਜਿੰਦਰ ਰਾਜੂ ਪੰਚ ਭ੍ਰਮਪੁਰੀ, ਸਰਬਜੀਤ ਕੈਲ਼ੇ ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ । ਮੀਟਿੰਗ ਨੂੰ ਸੰਬੋਧਨ ਕਰਦਿਆਂ ਜਰਨੈਲ ਫਿਲੌਰ, ਅਮਰਜੀਤ ਮੋਨੂੰ, ਸਰਪੰਚ ਸਰਬਜੀਤ ਭੱਟੀਆਂ ਨੇ ਕਿਹਾ ਆਜ਼ਾਦੀ ਦੇ 76 ਸਾਲ ਦੇ ਬੀਤ ਜਾਣ ਦੇ ਬਾਵਜੂਦ ਆਮ ਲੋਕ ਬਿਨਾਂ ਇਲਾਜ ਤੋਂ ਮਰਨ ਲਈ ਮਜਬੂਰ ਹਨ । ਪਰਸੋਤਮ ਫਿਲੌਰ ਨੇ ਕਿਹਾ ਕਿ ਅੱਜ ਸਿਵਲ ਹਸਪਤਾਲ ਫਿਲੌਰ ਅੰਦਰ ਵੱਖ ਵੱਖ ਅਸਾਮੀਆਂ ਖਾਲੀ ਹਨ ਜੋ ਜਲਦ ਤੋਂ ਜਲਦ ਭਰੀਆਂ ਜਾਣ। ਇਸ ਸਮੇਂ ਇੱਕ ਮਤਾ ਪਾਸ ਕਰਕੇ ਮਨੀਪੁਰ ਅਤੇ ਹਰਿਆਣਾ ਵਿੱਚ ਵਾਪਰੇ ਸੰਪਰਦਾਇਕ ਦੰਗਿਆਂ ਦੀ ਸਖਤ ਨਿਖੇਧੀ ਕੀਤੀ ਗਈ। ਇਸ ਸਮੇਂ ਸਰਬਜੀਤ, ਅਵਤਾਰ ਦਾਦਰਾ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੌਰਵ ਫਿਲੌਰ, ਸੁੱਚਾ ਰਾਮ, ਰੇਸ਼ਮ ਲਾਲ, ਸਮੀਂ ਕੁਮਾਰ ਬਾਈ, ਅਮਰਜੀਤ, ਪਰਮਜੀਤ ਸੰਧੂ, ਪਿਆਰੇ ਲਾਲ ਮਹਿਸਮਪੁਰ, ਕਮਲਾ, ਮਾਇਆ, ਪੂਜਾ ਰਾਣੀ, ਮਨਜੀਤ ਕੌਰ, ਜਗੀਰੋ, ਤੋਸ਼ੀ, ਆਸ਼ਾ, ਗੇਜੋ, ਦੀਸ਼ੋ, ਕਮਲਾ, ਕੁਲਦੀਪ, ਬਬਲੀ, ਪਰਮਜੀਤ ਕੌਰ, ਵਿੱਦਿਆ ਆਦਿ ਹਾਜ਼ਰ ਸਨ।

## ਕੱਟੇ ਗਏ ਅੰਬਾਂ ਦੇ ਦਰੱਖਤਾਂ ਦੀ ਥਾਂ ਨਵੇਂ ਰੁੱਖ ਨਾ ਲਗਾਏ ਤਾਂ ਮਾਮਲਾ ਮੁੱਖ ਮੰਤਰੀ ਅੱਗੇ ਉਠਾਇਆ ਜਾਵੇਗਾ



**ਮੁਕੇਰੀਆ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਮੁਕੇਰੀਆਂ ਬੱਸ ਸਟੈਂਡ ਦੇ ਨੇੜੇ ਅੰਗਰੇਜ਼ਾਂ ਦੇ ਸਮੇਂ ਤੋਂ 100 ਸਾਲ ਪੁਰਾਣਾ ਅੰਬਾਂ ਦੇ ਦਰੱਖਤਾਂ ਦਾ ਬਾਗ ਹੈ। ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਦਰੱਖਤਾਂ ਦੀ ਕਟਾਈ ਨੂੰ ਲੈ ਕੇ ਸ਼ਹਿਰ ਵਿਚ ਇੱਕ ਵਿਵਾਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਜਗ੍ਹਾ ਬੱਸ ਸਟੈਂਡ ਦੇ ਨੇੜੇ ਹੈ ਅਤੇ ਜੀ.ਟੀ. ਰੋਡ ਦੇ ਉੱਪਰ ਹੋਣ ਕਾਰਨ ਇਹ ਸ਼ਹਿਰ ਦੀ ਸਭ ਤੋਂ ਮਹਿੰਗੀ ਜਗ੍ਹਾ ਹੈ, ਜਿਸ ਦੀ ਕੀਮਤ ਕਰੋੜਾਂ ਵਿੱਚ ਦੱਸੀ ਜਾਂਦੀ ਹੈ। ਇਸ ਜ਼ਮੀਨ ਦੀ ਕੀਮਤ ਕਰੋੜਾਂ ਵਿੱਚ ਹੋਣ ਕਾਰਨ ਬਹੁਤ ਸਾਰੇ ਲੋਕ ਇਸ ਬਾਗ ਦੇ ਅੰਬ ਮਿੱਠੇ ਹੋਣ ਦੇ ਬਾਵਜੂਦ ਵੀ ਮਿੱਠੇ ਨਹੀ ਲੱਗ ਰਹੇ। ਜਿਸ ਕਾਰਨ ਸੁੱਕੇ ਦਰੱਖਤਾਂ ਨੂੰ ਕੱਟਣ ਦੇ ਨਾਂਅ 'ਤੇ ਕਾਨੂੰਨ ਦੀ ਆੜ 'ਚ ਕਥਿਤ ਤੌਰ 'ਤੇ ਹਰੇ ਅੰਬਾਂ ਦੇ ਦਰੱਖਤ ਕੱਟੇ ਗਏ।

ਇਸ ਸੰਬੰਧੀ ਕਾਰਵਾਈ ਕਰਵਾਉਣ ਲਈ ਪ੍ਰਸ਼ਾਸ਼ਨ ਅਤੇ ਮੀਡੀਆ ਦੇ ਵਿਚਕਾਰ ਚੱਲੀ ਲੰਮੀ ਜੱਦੋ ਜਹਿਦ ਦੇ ਕਾਰਨ ਮੀਡੀਆ ਦੇ ਦਬਾਅ ਅਧੀਨ ਪ੍ਰਸ਼ਾਸਨ ਸੁੱਕੇ ਦਰੱਖਤਾਂ ਦੀ ਆੜ ਵਿੱਚ ਹਰੇ ਦਰੱਖਤ ਕੱਟਣ ਵਾਲੇ ਇੰਦਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਜਲੰਧਰ ਅਤੇ ਰਮਨ ਰਾਜੀਵ ਮਿਸ਼ਰਾ ਵਾਸੀ ਲੰਬੀ ਗਲੀ ਮੁਕੇਰੀਆਂ 'ਤੇ ਪਰਚਾ ਦਰਜ ਕਰਨਾ ਪਿਆ। ਜਦੋਂ ਡੀ.ਸੀ. ਹੁਸ਼ਿਆਰਪੁਰ ਨੇ 24 ਸੁੱਕੇ ਦਰੱਖਤਾਂ ਨੂੰ ਕੱਟਣ ਦੀ ਮਨਜ਼ੂਰੀ ਦਿੱਤੀ ਸੀ ਤਾਂ ਉਨ੍ਹਾਂ ਸ਼ਰਤ ਰੱਖੀ ਕਿ ਇਸ ਥਾਂ 'ਤੇ ਅੰਬਾਂ ਦੇ 30 ਨਵੇਂ ਦਰੱਖਤ ਵੀ ਲਗਾਏ ਜਾਣ, ਪ੍ਰੰਤੂ ਇੱਕ ਰਿਪੋਰਟ ਅਨੁਸਾਰ ਉਨ੍ਹਾਂ 24 ਸੁੱਕੇ ਦਰੱਖਤਾਂ 'ਚੋਂ 13 ਦਰੱਖਤ ਹਰੇ ਨਿਕਲੇ।

ਹੁਣ ਵੇਖਣਾ ਇਹ ਹੋਵੇਗਾ ਕਿ ਪ੍ਰਸ਼ਾਸਨ ਆਪਣੇ ਹੁਕਮਾਂ ਦੇ ਅਨੁਸਾਰ ਅਤੇ ਸੰਵਿਧਾਨ 'ਚ ਬਣੇ ਕਾਨੂੰਨ ਦੀ ਰਾਖੀ ਲਈ ਇਸ ਜਗ੍ਹਾ 'ਤੇ ਅੰਬਾਂ ਦੇ ਨਵੇਂ ਦਰੱਖਤ ਲਗਾ ਕੇ ਇਸ ਜਗ੍ਹਾ ਨੂੰ ਹਰਿਆ-ਭਰਿਆ ਅਤੇ ਖੁਸ਼ਹਾਲ ਅੰਬਾਂ ਦਾ ਬਾਗ ਬਣਾਵੇਗਾ ਜਾਂ ਨਹੀਂ। ਇਸ ਸੰਬੰਧੀ ਜਦੋਂ ਲਖਬੀਰ ਸਿੰਘ ਬਾਗਬਾਨੀ ਅਫ਼ਸਰ ਮੁਕੇਰੀਆਂ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਜਸਵਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਕੋਈ ਪ੍ਰਬੰਧਕ ਪ੍ਰਸ਼ਾਸਨਿਕ ਅਧਿਕਾਰੀ ਸਾਨੂੰ ਅੰਬਾਂ ਦੇ ਰੁੱਖ ਲਗਾਉਣ ਲਈ ਕਹਿਣਗੇ ਤਾਂ ਅਸੀਂ ਰੁੱਖ ਲਗਾਵਾਂਗੇ।

